ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 100 Thursday, May 28, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਇੰਪਲਾਇਰਜ਼ ਨੂੰ ਆਪਣੇ ਕਰਮਚਾਰੀਆਂ ਨੂੰ ਮੁੜ ਹਾਇਰ ਕਰਨਾ ਚਾਹੀਦਾ ਹੈ : ਟਰੂਡੋ

ਓਟਵਾ, 27 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਆਪਣੀ 65ਵੀਂ ਮਾਰਨਿੰਗ ਪ੍ਰੈੱਸ ਕਾਨਫਰੰਸ ਵਿੱਚ ਕੈਨੇਡੀਅਨ ਕਾਰੋਬਾਰੀਆਂ ਨੂੰ ਆਪਣੇ ਕਰਮਚਾਰੀਆਂ ਨੂੰ ਦੁਬਾਰਾ ਹਾਇਰ ਕਰਨ ਲਈ ਆਖਿਆ ਗਿਆ। ਉਨ੍ਹਾਂ ਬ੍ਰੀਫਿੰਗ ਵਿੱਚ ਆਖਿਆ ਕਿ ਭਾਵੇਂ ਕੋਵਿਡ-19 ਮਹਾਂਮਾਰੀ ਕਾਰਨ ਸਾਡੀਆਂ ਜ਼ਿੰਦਗੀਆਂ ਮੂਧੀਆਂ ਹੋ ਗਈਆਂ ਹਨ ਪਰ ਕੈਨੇਡਾ ਦੇ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਲਈ ਜ਼ਰੂਰੀ ਹੈ ਕਿ ਵੱਧ ਤੋਂ ਵੱਧ ਕੈਨੇਡੀਅਨਾਂ ਨੂੰ ਮੁੜ ਕੰਮ ਉੱਤੇ ਲਿਆਂਦਾ ਜਾ ਸਕੇ।



ਟਰੂਡੋ ਨੇ ਬੁੱਧਵਾਰ ਨੂੰ ਆਖਿਆ ਕਿ ਸੰਕਟ ਦੇ ਪਹਿਲਾਂ ਕੁੱਝ ਹਫਤਿਆਂ ਦੌਰਾਨ ਲੋਕਾਂ ਦੀਆਂ ਜ਼ਿੰਦਗੀਆਂ ਉਲਟ ਪੁਲਟ ਗਈਆਂ। ਸੈਂਕੜੇ ਕੈਨੇਡੀਅਨਾਂ ਨੂੰ ਕੋਈ ਗਲਤੀ ਨਾ ਹੋਣ ਦੇ ਬਾਵਜੂਦ ਆਪਣੀਆਂ ਨੌਕਰੀਆਂ ਤੋਂ ਹੱਥ ਧੁਆਉਣੇ ਪਏ। ਉਹ ਵੀ ਇਸ ਮਹਾਂਮਾਰੀ ਦੀ ਕਿਸੇ ਚਿਤਾਵਨੀ ਤੋਂ ਬਿਨਾਂ। ਇਸ ਕਾਰਨ ਵਿਦਿਆਰਥੀਆਂ, ਨੌਜਵਾਨ ਪ੍ਰੋਫੈਸ਼ਨਲਜ਼ ਅਤੇ ਪਰਿਵਾਰਾਂ ਉੱਤੇ ਲੋੜੋਂ ਵੱਧ ਵਿੱਤੀ ਦਬਾਅ ਪੈ ਗਿਆ।

ਟਰੂਡੋ ਨੇ ਆਖਿਆ ਕਿ ਸੋਸ਼ਲ ਤੇ ਫਾਇਨਾਂਸ਼ੀਅਲ ਅਸਿਸਟੈਂਸ ਪ੍ਰੋਗਰਾਮ, ਜੋ ਕਿ ਪਿਛਲੇ ਦੋ ਮਹੀਨਿਆਂ ਵਿੱਚ ਲਾਂਚ ਕੀਤੇ ਗਏ ਹਨ ਤੇ ਜਿਨ੍ਹਾਂ ਸਦਕਾ ਕੈਨੇਡੀਅਨਾਂ ਨੂੰ ਬਿਲੀਅਨ ਡਾਲਰ ਦੀ ਮਦਦ ਮਿਲ ਰਹੀ ਹੈ, ਕਾਰਨ ਗਰਮੀਆਂ ਵਿੱਚ ਕੰਮ ਦੀ ਭਾਲ ਕਰ ਰਹੇ ਨੌਜਵਾਨਾਂ ਲਈ ਫੈਡਰਲ ਜੌਬ ਬੈਂਕ ਵਿੱਚ 45000 ਨੌਕਰੀਆਂ ਉਪਲਬਧ ਹੋਈਆਂ ਹਨ। ਉਨ੍ਹਾਂ ਆਖਿਆ ਕਿ ਇਸ ਸੱਭ ਦੇ ਬਾਵਜੂਦ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਸਾਰੇ ਪ੍ਰੋਗਰਾਮ, ਜਿਨ੍ਹਾਂ ਵਿੱਚ ਵਿਦਿਆਰਥੀਆਂ ਲਈ 9 ਬਿਲੀਅਨ ਡਾਲਰ ਦਾ ਫਾਇਨਾਂਸ਼ੀਅਲ ਅਸਿਸਟੈਂਸ ਪ੍ਰੋਗਰਾਮ ਤੇ ਕਮਰਸ਼ੀਅਲ ਰੈਂਟ ਰਲੀਫ ਪਲੈਨ ਸ਼ਾਮਲ ਹਨ, ਬਿਜ਼ਨਸਿਜ਼ ਤੇ ਇੰਡਸਟਰੀਜ਼ ਨੂੰ ਪਾਰ ਲਾਉਣ ਲਈ ਕਾਫੀ ਹਨ।

ਟਰੂਡੋ ਨੇ ਆਖਿਆ ਕਿ ਸਰਕਾਰ ਨੂੰ ਆਸ ਹੈ ਕਿ ਜੇ ਹੋਰ ਬਿਜ਼ਨਸਿਜ਼ ਨੂੰ ਖੁੱਲ੍ਹਣ ਦੀ ਇਜਾਜ਼ਤ ਦਿੱਤੀ ਜਾਵੇਗੀ ਤਾਂ ਉਸ ਨਾਲ ਛਾਂਗੀ ਕੀਤੇ ਸਟਾਫ ਨੂੰ ਵਾਪਿਸ ਲਿਆਂਦਾ ਜਾ ਸਕੇਗਾ। ਇਸ ਲਈ 75 ਫੀ ਸਦੀ ਵੇਜ ਸਬਸਿਡੀ ਪ੍ਰੋਗਰਾਮ ਵੀ ਮਦਦ ਕਰੇਗਾ, ਇਸ ਤੋਂ ਭਾਵ ਹੈ ਕਿ ਕਰਮਚਾਰੀਆਂ ਨੂੰ ਸੀਈਆਰਬੀ ਕੁਲੈਕਟ ਨਹੀਂ ਕਰਨੀ ਹੋਵੇਗੀ। ਉਨ੍ਹਾਂ ਦੱਸਿਆ ਕਿ ਹੁਣ ਤੱਕ 284,038 ਅਰਜ਼ੀਆਂ ਸਬਸਿਡੀ ਪ੍ਰੋਗਰਾਮ ਲਈ ਸਵੀਕਾਰੀਆਂ ਜਾ ਚੁੱਕੀਆਂ ਹਨ ਜੋ ਕਿ ਫੰਡ ਦੇ ਮਾਮਲੇ ਵਿੱਚ 7.9 ਬਿਲੀਅਨ ਡਾਲਰ ਬਣਦੀਆਂ ਹਨ।

ਉਨ੍ਹਾਂ ਆਖਿਆ ਕਿ ਇੰਪਲਾਇਰ ਤੇ ਇੰਪਲਾਈ ਦਰਮਿਆਨ ਸਬੰਧ ਹੀ ਨਾ ਸਿਰਫ ਲੋਕਾਂ ਨੂੰ ਮੁੜ ਪੈਰਾਂ ਸਿਰ ਕਰਨ ਲਈ ਜ਼ਰੂਰੀ ਹਨ ਸਗੋਂ ਸਾਡੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵੀ ਜ਼ਰੂਰੀ ਹਨ। ਇਸ ਲਈ ਇੰਪਲਾਇਰਜ਼ ਨੂੰ ਇਸ ਪ੍ਰੋਗਰਾਮ ਦਾ ਲਾਹਾ ਲੈਣਾ ਚਾਹੀਦਾ ਹੈ ਤੇ ਆਪਣੇ ਵਰਕਰਜ਼ ਨੂੰ ਮੁੜ ਹਾਇਰ ਕਰਨਾ ਚਾਹੀਦਾ ਹੈ।

# ਪੰਜ ਲਾਂਗ ਟਰਮ ਕੇਅਰ ਹੋਮਜ਼ ਦੀ ਮੈਨੇਜਮੈਂਟ ਪ੍ਰੋਵਿੰਸ਼ੀਅਲ ਸਰਕਾਰ ਸਾਂਭੇਗੀ: ਫੋਰਡ



ਓਨਟਾਰੀਓ, 27 ਮਈ (ਪੋਸਟ ਬਿਊਰੋ): ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਫੌਜ ਵੱਲੋਂ ਪਰੇਸ਼ਾਨ ਕਰਨ ਵਾਲੀ ਰਿਪੋਰਟ ਪੇਸ਼ ਕੀਤੇ ਜਾਣ ਤੋਂ ਬਾਅਦ ਜੀਟੀਏ ਦੇ ਪੰਜ ਲਾਂਗ ਟਰਮ ਕੇਅਰ ਹੋਮਜ਼ ਦੀ ਮੈਨੇਜਮੈਂਟ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸਾਂਭੀ ਜਾਵੇਗੀ। ਦੋ ਲਾਂਗ ਟਰਮ ਕੇਅਰ ਹੋਮਜ਼ ਪਹਿਲਾਂ ਹੀ ਸਰਕਾਰੀ ਨਿਯੰਤਰਣ ਵਿੱਚ ਹਨ।

ਜਿਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਦੀ ਗੱਲ ਫੋਰਡ ਵੱਲੋਂ ਕੀਤੀ ਗਈ ਉਨ੍ਹਾਂ ਵਿੱਚ ਇਟੋਬੀਕੋ ਸਥਿਤ ਈਟਨਵਿੱਲੇ ਕੇਅਰ ਸੈਂਟਰ, ਨੌਰਥ ਯੌਰਕ ਸਥਿਤ ਹਾਅਥੌਰਨੇ ਪਲੇਸ ਕੇਅਰ ਸੈਂਟਰ, ਸਕਾਰਬੌਰੋ ਦੇ ਐਲਟਾਮੌਂਟ ਕੇਅਰ, ਪਿਕਰਿੰਗ ਦੇ ਆਰਚਰਡ ਵਿੱਲਾ ਅਤੇ ਮਿਸੀਸਾਗਾ ਦੇ ਕੈਮਿਲਾ ਕੇਅਰ ਹੋਮ ਸ਼ਾਮਲ ਹਨ। ਸਰਕਾਰ ਡਾਊਨਜ਼ਵਿਊ ਲਾਂਗ ਟਰਮ ਕੇਅਰ ਸੈਂਟਰ ਤੇ ਸਟਨ ਦੇ ਰਿਵਰ ਗਲੈਨ ਹੈਵਨ ਨਰਸਿੰਗ ਹੋਮ ਦੀ ਮੈਨੇਜਮੈਂਟ ਪਹਿਲਾਂ ਹੀ ਆਪਣੇ ਅਧੀਨ ਲੈ ਚੁੱਕੀ ਹੈ।

ਪ੍ਰੀਮੀਅਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਕੈਮਿਲਾ ਕੇਅਰ ਹੋਮ ਸਮੇਤ ਆਰਮਡ ਫੋਰਸਿਜ਼ ਦੀ ਰਿਪੋਰਟ ਵਿੱਚ ਹਾਈਲਾਈਟ ਹੋਏ ਪੰਜ ਹੋਮਜ਼ ਵਿੱਚੋਂ ਹਰੇਕ ਵਿੱਚ ਦੋ ਇੰਸਪੈਕਟਰਜ਼ ਵਾਲੀਆਂ ਛੇ ਟੀਮਾਂ ਭੇਜੀਆਂ ਜਾਣਗੀਆਂ। ਫੋਰਡ ਨੇ ਰੋਹ ਵਿੱਚ ਆਉਂਦਿਆਂ ਆਖਿਆ ਕਿ ਲੋੜ ਪੈਣ ਉੱਤੇ ਅਸੀਂ ਹੋਰ ਹੋਮਜ਼ ਨੂੰ ਵੀ ਟੇਕ ਓਵਰ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਾਂ। ਇਸ ਤੋਂ ਇਲਾਵਾ ਜੇ ਲੋੜ ਪਈ ਤਾਂ ਕਿਸੇ ਵੀ ਹੋਮ ਦਾ ਲਾਇਸੰਸ ਵਾਪਿਸ ਲਿਆ ਜਾ ਸਕਦਾ ਹੈ ਤੇ ਫੈਸਿਲਿਟੀ ਨੂੰ ਬੰਦ ਕੀਤਾ ਜਾ ਸਕਦਾ ਹੈ।

ਲਾਂਗ ਟਰਮ ਕੇਅਰ ਮੰਤਰਾਲੇ ਵੱਲੋਂ ਵੀ 13 ਹੋਰਨਾਂ ਹੋਮਜ਼ ਦੀ ਜਾਂਚ ਕਰਵਾਈ ਜਾਵੇਗੀ। ਇਸ ਦੇ ਨਾਲ ਹੀ ਪ੍ਰੋਵਿੰਸ ਭਰ ਦੇ ਹੋਮਜ਼ ਵਿੱਚ ਸਰਪ੍ਰਾਈਜ਼ ਚੈਕਿੰਗ ਵੀ ਕੀਤੀ ਜਾਇਆ ਕਰੇਗੀ।

# ਜਗਮੀਤ ਸਿੰਘ ਨੇ ਕੈਨੇਡਾ ਦੇ ਸਭ ਕਰਮਚਾਰੀਆਂ ਲਈ ਪੇਡ ਸਿੱਕ ਲੀਵ ਹਾਸਲ ਕੀਤੀ

ਆਟਵਾ, 27 ਮਈ (ਪੋਸਟ ਬਿਊਰੋ): ਜਿਸ ਤਰਾਂ ਕਿ ਬਹੁਤ ਵਪਾਰਾਂ ਨੂੰ ਦੁਬਾਰਾ ਤੋਂ ਖੁੱਲ੍ਹਣ ਦੀ ਮੰਗ ਕੀਤੀ ਜਾ ਰਹੀ ਹੈ, ਐੱਨ.ਡੀ.ਪੀ. ਦੇ ਲੀਡਰ ਜਗਮੀਤ ਸਿੰਘ ਨੇ ਫੈਡਰਲ ਸਰਕਾਰ ਉਤੇ ਦਬਾ ਪਾਕੇ ਕੈਨੇਡਾ ਦੇ ਹਰ ਕਰਮਚਾਰੀ ਲਈ ਦੋ ਹਫ਼ਤਿਆਂ ਦੀ ਪੇਡ ਸਿੱਕ ਲੀਵ ਹਾਸਲ ਕੀਤੀ।



ਜਗਮੀਤ ਸਿੰਘ ਨੇ ਕਿਹਾ: "ਹਰ ਕਰਮਚਾਰੀ ਨੂੰ ਪੇਡ ਸਿੱਕ ਲੀਵ ਮਿਲਣੀ ਚਾਹੀਦੀ ਹੈ। ਕਰਮਚਾਰੀਆਂ ਨੂੰ ਹੌਂਸਲਾ ਹੋਵੇ ਕਿ ਜੇ ਉਹ ਬਿਮਾਰ ਹੋ ਜਾਂਦੇ ਹਨ, ਉਹਨਾਂ ਕੋਲ ਘਰ ਰਹਿਣ ਦੀ ਸੰਭਾਵਨਾ ਹੈ। ਕਿਸੇ ਨੂੰ ਵੀ ਬਿਮਾਰ ਹੋਕੇ ਕੰਮ ਕਰਨ ਵਿਚ ਜਾ ਖਰਚੇ ਪਾਣੀ ਨੂੰ ਨਾ ਭਰਣ ਵਿਚ ਫੈਸਲਾ ਕਰਨ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਕਰਮਚਾਰੀ ਆਪਣੇ ਕੰਮਾਂ ਨੂੰ ਵਾਪਸ ਜਾਣਾ ਚਾਹੁੰਦੇ ਹਨ ਸਾਨੂ ਯਕੀਨੀ ਬਣਾਉਣੀ ਪਵੇਗੀ ਕਿ ਉਹ ਸੁਰੱਖਿਅਤ ਤੌਰ ਤੇ ਕੰਮ ਤੇ ਵਾਪਸ ਜਾਣ।" ...ਬਾਕੀ ਪੰਨਾ 6 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਫਿਕਰਦਾਰੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

DHINDSA LAW
Barrister, Solicitor & Notary Public
Criminal and Family Law
Immigration
Real Estate
Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
Call: 437 998 1429
LOCATIONS: 10510 Torbram Rd Unit-J1, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ਨਵਾਂ ਘਾਹ ਲਵਾਉ 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

You can Place Your Business Here (905)793-2202
To Reach Wider Audience

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive Etobicoke ON M9V-3Z7 416-740-3262
2120 North park Drive Brampton ON L6S 0C9 905-793-1338
10510 Torbram Road, Brampton 905-790-0030
308 Eddystone Ave North York ON M3N-1H7 416-740-3360
621 Wanless drive, # 122 Brampton ON L7A 0A9 905-495-3336
284 Orenda Road #13 Brampton ON L6T 5S3 905-450-9167
10 Pannahill Dr, Brampton 905 913-8017
80 Pertosa Drive Brampton ON L5X-5E9 905-460-0009
1075 Ceremonial Drive Mississauga ON L5R 2Z4 905-502-1600
21 Lacoste Blvd, Brampton, ON L6P 2K2 905 794-8109

# ਬੀਸੀ ਦੀ ਜੱਜ ਨੇ ਹੁਆਵੇਈ ਦੀ ਮੈਂਗ ਵਾਨਜ਼ੋਊ ਖਿਲਾਫ ਸੁਣਾਇਆ ਫੈਸਲਾ

ਵੈਨਕੂਵਰ, 27 ਮਈ (ਪੋਸਟ ਬਿਊਰੋ) : ਬੀਸੀ ਸੁਪਰੀਮ ਕੋਰਟ ਜੱਜ ਨੇ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ, ਜੋ ਕਿ ਅਮਰੀਕਾ ਵਿੱਚ ਫਰਾਡ ਸਬੰਧੀ ਚਾਰਜਿਸ ਲਈ ਵਾਂਟਿਡ ਹੈ, ਖਿਲਾਫ ਆਪਣਾ ਫੈਸਲਾ ਸੁਣਾਇਆ ਹੈ।

ਐਸੋਸਿਏਟ ਚੀਫ ਜਸਟਿਸ ਹੈਦਰ ਹੋਮਜ਼ ਨੇ ਫੈਸਲਾ ਸੁਣਾਉਂਦਿਆਂ ਆਖਿਆ ਕਿ ਮੈਂਗ ਵਾਨਜ਼ੋਊ ਉੱਤੇ ਲਾਏ ਗਏ ਦੋਸ਼ ਕੈਨੇਡਾ ਵਿੱਚ ਵੀ ਜੁਰਮ ਦੀ ਵੰਨਗੀ ਵਿੱਚ ਆਉਂਦੇ ਹਨ। ਉਨ੍ਹਾਂ ਆਪਣੇ 23 ਪੰਨਿਆ ਦੇ ਫੈਸਲੇ ਵਿੱਚ ਆਖਿਆ ਕਿ ਡਬਲ ਕ੍ਰਿਮੀਨੈਲਿਟੀ ਤਹਿਤ ਵਾਨਜ਼ੋਊ ਦੀ ਹਵਾਲਗੀ ਕੀਤੀ ਜਾਣੀ ਬਣਦੀ ਹੈ। ਇਸ ਫੈਸਲੇ ਦਾ ਮਤਲਬ ਹੈ ਕਿ ਅਦਾਲਤ ਇਸ ਹਵਾਲਗੀ ਮਾਮਲੇ ਵਿੱਚ ਹੋਰ ਬਹਿਸ ਸੁਣਨੀ ਜਾਰੀ ਰੱਖੇਗੀ। ਇਸ ਦੌਰਾਨ ਇਹ ਸੱਭ ਵੀ ਵਿਚਾਰਿਆ ਜਾਵੇਗਾ ਕਿ ਕੀ ਦਸੰਬਰ 2018 ਵਿੱਚ ਵੈਨਕੂਵਰ ਏਅਰਪੋਰਟ ਉੱਤੇ ਮੈਂਗ ਦੀ ਕੀਤੀ ਗਈ ਗ੍ਰਿਫਤਾਰੀ ਗੈਰਕਾਨੂੰਨੀ ਸੀ। ਇਸ ਤੋਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ 48 ਸਾਲਾ ਮੈਂਗ ਨੂੰ ਚੀਨ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ ਤੇ ਉਸ ਨੂੰ ਕੈਨੇਡਾ ਵਿੱਚ ਹੀ ਰਹਿਣਾ ਹੋਵੇਗਾ।

## ਹਵਾਲਗੀ ਪ੍ਰਕਿਰਿਆ ਰਹੇਗੀ ਜਾਰੀ

ਮੈਂਗ, ਜੋ ਕਿ ਹੁਆਵੇਈ ਦੀ ਚੀਫ ਫਾਇਨਾਂਸ਼ੀਅਲ ਆਫੀਸਰ ਤੇ ਕੰਪਨੀ ਦੇ ਬਾਨੀ ਰੈਨ ਜ਼ੈਂਗਫੇਈ ਦੀ ਧੀ ਹੈ, ਖਿਲਾਫ ਲਾਏ ਗਏ ਦੋਸ਼ ਸਾਲ 2013 ਨਾਲ ਸਬੰਧਤ ਹਨ। ਉਸ ਉੱਤੇ ਹੁਆਵੇਈ ਦੇ ਸਕਾਇਕੌਮ ਟੈਕ ਕਾਰਪੋਰੇਸ਼ਨ ਨਾਲ ਸਬੰਧਾਂ ਨੂੰ ਸਮਝਦਿਆਂ ਹੋਇਆਂ ਵੀ ਐਚਐਸਬੀਸੀ ਨੂੰ ਝੂਠੀਆਂ ਸਟੇਟਮੈਂਟਸ ਦੇਣ ਤੇ ਬੈਂਕ ਨੂੰ ਇਰਾਨ ਖਿਲਾਫ ਅਮਰੀਕੀ ਪਾਬੰਦੀਆਂ ਦੀ ਉਲੰਘਣਾਂ ਦੇ ਮਾਮਲੇ ਵਿੱਚ ਖਤਰੇ ਵਿੱਚ ਪਾਉਣ ਦਾ ਦੋਸ਼ ਹੈ।

ਮੈਂਗ ਤੇ ਹੁਆਵੇਈ ਵੱਲੋਂ ਇਨ੍ਹਾਂ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਗਿਆ ਹੈ। ਜਨਵਰੀ ਵਿੱਚ ਹੋਮਜ਼ ਨੇ ਤਥਾ-ਕਥਿਤ ਡਬਲ ਕ੍ਰਿਮੀਨੈਲਿਟੀ ਅਤੇ ਜੇ ਇਹੀ ਜੁਰਮ ਕੈਨੇਡਾ ਵਿੱਚ ਹੁੰਦਾ ਤਾਂ ਕੀ ਇਸ ਨੂੰ ਮੁਜਰਮਾਨਾ ਮੰਨਿਆਂ ਜਾਂਦਾ ਆਦਿ ਨਾਲ ਜੁੜੇ ਤਰਕ ਸੁਣੇ। ਮੈਂਗ ਦੇ ਵਕੀਲਾਂ ਨੇ ਇਸ ਗੱਲ ਦੀ ਪੈਰਵੀ ਕੀਤੀ ਕਿ ਇਸ ਨੂੰ ਕੈਨੇਡਾ ਵਿੱਚ ਜੁਰਮ ਦਾ ਦਰਜਾ ਨਾ ਦਿੱਤਾ ਜਾਂਦਾ ਕਿਉਂਕਿ ਇਹ ਸਿਰਫ ਤੇ ਸਿਰਫ ਅਮਰੀਕਾ ਵੱਲੋਂ ਇਰਾਨ ਉੱਤੇ ਲਾਈਆਂ ਗਈਆਂ ਆਰਥਿਕ ਪਾਬੰਦੀਆਂ ਨਾਲ ਜੁੜਿਆ ਹੋਇਆ ਮਾਮਲਾ ਹੈ। ਉਸ ਸਮੇਂ ਕੈਨੇਡਾ ਵੱਲੋਂ ਅਜਿਹੀਆਂ ਕੋਈ ਪਾਬੰਦੀਆਂ ਨਹੀਂ ਸੀ ਲਾਈਆਂ ਗਈਆਂ ਜਿਵੇਂ ਕਿ ਹੁਣ ਕੋਈ ਪਾਬੰਦੀਆਂ ਨਹੀਂ ਲਗਾਈਆਂ ਗਈਆਂ।

ਦੂਜੇ ਪਾਸੇ ਅਟਾਰਨੀ ਜਨਰਲ ਆਫ ਕੈਨੇਡਾ ਨੇ ਆਖਿਆ ਕਿ ਫਰਾਡ ਸਬੰਧੀ ਇਨ੍ਹਾਂ ਦੋਸ਼ਾਂ ਨੂੰ ਅਮਰੀਕੀ ਪਾਬੰਦੀਆਂ ਤੋਂ ਬਿਨਾਂ ਵੀ ਵਿਚਾਰਿਆ ਜਾ ਸਕਦਾ ਹੈ। ਹੋਮਜ਼ ਨੇ ਆਪਣੇ ਫੈਸਲੇ ਵਿੱਚ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਮਰੀਕੀ ਪਾਬੰਦੀਆਂ ਇਸ ਮਾਮਲੇ ਵਿੱਚ ਲਾਏ ਦੋਸ਼ਾਂ ਨਾਲ ਜੁੜੀਆਂ ਹੋਈਆਂ ਹਨ ਪਰ ਇਸ ਮਾਮਲੇ ਨੂੰ ਰਫਾ ਦਫਾ ਕਰਨ ਲਈ ਇਹ ਸੱਭ ਕਾਫੀ ਨਹੀਂ ਹੈ।

ਉਨ੍ਹਾਂ ਆਖਿਆ ਕਿ ਇਨ੍ਹਾਂ ਪਾਬੰਦੀਆਂ ਨੂੰ ਖਾਹਮਖਾਹ ਮਾਮਲੇ ਨਾਲ ਨਹੀਂ ਜੋੜਿਆ ਜਾ ਰਿਹਾ ਸਗੋਂ ਇੱਥੇ ਇਹ ਵੀ ਧਿਆਨ ਰੱਖਣ ਯੋਗ ਗੱਲ ਹੈ ਕਿ ਇਸ ਸਾਰੇ ਮਾਮਲੇ ਵਿੱਚ ਐਚਐਸਬੀਸੀ ਇਨ੍ਹਾਂ ਪਾਬੰਦੀਆਂ ਦੀ ਉਲੰਘਣਾਂ ਕਾਰਨ ਖਤਰੇ ਵਿਚ ਪੈ ਗਿਆ। ਹੋਮਜ਼ ਨੇ ਆਖਿਆ ਕਿ ਹਵਾਲਗੀ ਦੇ ਸਬੰਧ ਵਿੱਚ ਮੈਂਗ ਦੇ ਵਕੀਲਾਂ ਵੱਲੋਂ ਫਰਾਡ ਦੀ ਪਰੀਭਾਸ਼ਾ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਉਸ ਨੂੰ ਮਾਮੂਲੀ ਕਰਕੇ ਦੱਸਿਆ ਗਿਆ ਜਦਕਿ ਫਰਾਡ ਸਬੰਧੀ ਜੁਰਮ ਦੇ ਮਾੜੇ ਨਤੀਜੇ ਹੀ ਨਿਕਲਦੇ ਹਨ।

ਹੋਮਜ਼ ਨੇ ਆਪਣੇ ਫੈਸਲੇ ਵਿੱਚ ਇਹ ਵੀ ਆਖਿਆ ਕਿ ਡਬਲ ਕ੍ਰਿਮੀਨੈਲਿਟੀ ਬਾਰੇ ਡਿਫੈਂਸ ਦੀ ਪਹੁੰਚ ਨਾਲ ਕੈਨੇਡਾ ਦੀ ਕੌਮਾਂਤਰੀ ਜ਼ਿੰਮੇਵਾਰੀ ਪੂਰੀ ਕਰਨ ਦੀ ਸਮਰੱਥਾ ਉੱਤੇ ਵੀ ਸਵਾਲੀਆ ਨਿਸ਼ਾਨ ਲੱਗ ਸਕਦਾ ਹੈ। ਫਰਾਡ ਤੇ ਹੋਰ ਆਰਥਿਕ ਜੁਰਮਾਂ ਨਾਲ ਜੁੜੇ ਹੋਰਨਾਂ ਹਵਾਲਗੀ ਮਾਮਲਿਆਂ ਉੱਤੇ ਵੀ ਇਸ ਮਾਮਲੇ ਦਾ ਨਕਾਰਾਤਮਕ ਅਸਰ ਪੈ ਸਕਦਾ ਹੈ। ਉਨ੍ਹਾਂ ਆਖਿਆ ਕਿ ਉਹ ਪਾਬੰਦੀਆਂ ਨੂੰ ਲੀਗਲ ਵਿਸ਼ਲੇਸ਼ਣ ਦਾ ਹਿੱਸਾ ਮੰਨਦਿਆਂ ਹੋਇਆਂ ਮੈਂਗ ਦੀ ਅਰਜ਼ੀ ਖਾਰਜ ਕਰਦੇ ਹਨ।



# ਅਦਾਲਤ ਦੇ ਫੈਸਲੇ ਲਈ ਸਾਨੂੰ ਮੁਆਫੀ ਮੰਗਣ ਦੀ ਲੋੜ ਨਹੀਂ : ਟਰੂਡੋ

ਓਟਵਾ, 27 ਮਈ (ਪੋਸਟ ਬਿਊਰੋ) : ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਦੇ ਹਵਾਲਗੀ ਮਾਮਲੇ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵੱਲੋਂ ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਪਸ਼ਟ ਕਰ ਦਿੱਤਾ ਹੈ ਕਿ ਆਜ਼ਾਦਾਨਾ ਕੈਨੇਡੀਅਨ ਨਿਆਂ ਪ੍ਰਣਾਲੀ ਵਲੋਂ ਲਏ ਜਾਣ ਵਾਲੇ ਅਜਿਹੇ ਫੈਸਲੇ ਲਈ ਸਰਕਾਰ ਨੂੰ ਮੁਆਫੀ ਮੰਗਣ ਦੀ ਕੋਈ ਲੋੜ ਨਹੀਂ ਹੈ।



ਆਪਣੀ ਰਿਹਾਇਸ਼ਗਾਹ ਰਿਡੀਊ ਕਾਟੇਜ ਤੋਂ ਮੰਗਲਵਾਰ ਨੂੰ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਅਜ਼ਾਦਾਨਾ ਨਿਆਂ ਪ੍ਰਣਾਲੀ ਹੋਣ ਦਾ ਫਾਇਦਾ ਇਹ ਹੈ ਕਿ ਸਾਨੂੰ ਕਿਸੇ ਤੋਂ ਮੁਆਫੀ ਮੰਗਣ ਦੀ ਲੋੜ ਨਹੀਂ ਤੇ ਨਾ ਹੀ ਅਦਾਲਤ ਵਲੋਂ ਲਏ ਜਾਣ ਵਾਲੇ ਅਜਿਹੇ ਫੈਸਲਿਆਂ ਬਾਰੇ ਕਿਸੇ ਨੂੰ ਸਪਸ਼ਟੀਕਰਣ ਦੇਣ ਦੀ ਹੀ ਲੋੜ ਹੈ। ਸਾਨੂੰ ਇਸ ਸਿਸਟਮ ਵਿੱਚ ਪੂਰਾ ਭਰੋਸਾ ਹੈ ਤੇ ਅਸੀਂ ਆਪਣੇ ਸਿਸਟਮ ਨੂੰ ਬਚਾਉਂਦੇ ਰਹਾਂਗੇ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਤੇ ਚੀਨ ਦਰਮਿਆਨ ਸਬੰਧ ਉਸ ਸਮੇਂ ਵਿਗੜਨੇ ਸ਼ੁਰੂ ਹੋਏ ਸਨ ਜਦੋਂ ਦਸੰਬਰ 2018 ਵਿੱਚ ਮੈਂਗ ਨੂੰ ਵੈਨਕੂਵਰ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕਾ ਵੱਲੋਂ ਗੁਜ਼ਾਰਿਸ਼ ਕੀਤੇ ਜਾਣ ਤੋਂ ਬਾਅਦ ਕੈਨੇਡੀਅਨ ਅਧਿਕਾਰੀਆਂ ਨੇ ਵੈਨਕੂਵਰ ਵਿਚ ਮੈਂਗ ਨੂੰ ਗ੍ਰਿਫਤਾਰ ਕੀਤਾ ਸੀ। ਬੁਧਵਾਰ ਨੂੰ ਲਏ ਜਾਣ ਵਾਲੇ ਫੈਸਲੇ ਨਾਲ ਇਹ ਤੈਅ ਹੋਵੇਗਾ ਕਿ ਮੈਂਗ ਵਲੋਂ ਕੀਤਾ ਗਿਆ ਅਪਰਾਧ ਕੈਨੇਡਾ ਵਿੱਚ ਵੀ ਗੈਰਕਾਨੂੰਨੀ ਹੈ। ਅਮਰੀਕਾ ਵਲੋਂ ਮੈਂਗ ਉੱਤੇ ਫਰਾਡ ਦਾ ਦੋਸ ਲਾਇਆ ਗਿਆ ਸੀ। ਉਸ ਨੂੰ ਅਮਰੀਕਾ ਵੱਲੋਂ ਇਰਾਨ ਉੱਤੇ ਲਾਈਆਂ ਗਈਆਂ ਪਾਬੰਦੀਆਂ ਦੀ ਉਲੰਘਣਾ ਕਰਦਿਆਂ ਪਾਇਆ ਗਿਆ ਸੀ। ਪਰ ਮੈਂਗ ਤੇ ਹੁਆਵੇਈ ਨੇ ਇਨ੍ਹਾਂ ਦੋਸਾਂ ਨੂੰ ਗਲਤ ਦਸਿਆ ਗਿਆ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੋਰੋਨਾ ਦਾ ਕਹਿਰ: ਨੀਦਰਲੈਂਡ ਦੇ ਪ੍ਰਧਾਨ ਮੰਤਰੀ ਆਪਣੀ ਮਰ ਰਹੀ ਮਾਂ ਕੋਲ ਵੀ ਨਹੀਂ ਜਾ ਸਕੇ



ਐਮਸਟਰਡਮ, 27 ਮਈ, (ਪੋਸਟ ਬਿਊਰੋ)- ਸੰਸਾਰ ਪੱਧਰ ਉੱਤੇ ਬੀਤੇ ਦਿਨੀਂ ਕੁਝ ਨੇਤਾਵਾਂ ਨੂੰ ਲਾਕਡਾਊਨ ਦੇ ਨਿਯਮਾਂ ਦੀ ਉਲੰਘਣਾ ਕਰ ਕੇ ਵਿਵਾਦ ਵਿੱਚ ਫਸਦੇ ਦੇਖਿਆ ਗਿਆ ਹੈ। ਨੀਦਰਲੈਂਡ ਦੇ ਪ੍ਰਧਾਨ ਮੰਤਰੀ ਮਾਰਕ ਰੂਟੇ ਆਪਣੇ ਦੇਸ਼ ਵਿੱਚ ਕੋਰੋਨਾ ਵਾਇਰਸ ਦੀਆਂ ਪਾਬੰਦੀਆਂ ਕਾਰਨ ਆਖਰੀ ਵਕਤ ਆਪਣੀ ਮਾਂ ਕੋਲ ਨਹੀਂ ਪਹੁੰਚ ਸਕੇ।

ਮਿਲੀ ਜਾਣਕਾਰੀ ਮੁਤਾਬਕ ਪ੍ਰਧਾਨ ਮੰਤਰੀ ਮਾਰਕ ਰੂਟੇ ਦੀ ਮਾਂ ਇਕ ਕੇਅਰ ਹੋਮ ਵਿਚ ਰਹਿੰਦੀ ਸੀ ਤੇ ਕੋਰੋਨਾ ਦੇ ਸੰਕਟ ਵਧਣ ਨਾਲ ਖੁਦ ਪ੍ਰਧਾਨ ਮੰਤਰੀ ਰੂਟੇ ਨੇ 2 ਮਹੀਨੇ ਪਹਿਲਾਂ ਆਮ ਲੋਕਾਂ ਦੇ ਅਜਿਹੀ ਜਗ੍ਹਾ ਜਾਣ ਦੀ ਪਾਬੰਦੀ ਲਾਈ ਸੀ ਤਾਂ ਜੋ ਬਜ਼ੁਰਗਾਂ ਨੂੰ ਇਨਫੈਕਸ਼ਨ ਦੇ ਖਤਰੇ ਤੋਂ ਬਚਾਇਆ ਜਾ ਸਕੇ। ਇਸ ਦੌਰਾਨ ਉਨ੍ਹਾਂ ਦੀ ਮਾਂ ਦਾ ਦੇਹਾਂਤ ਹੋ ਗਿਆ ਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਹੁੰਦੇ ਹੋਏ ਆਪਣੀ ਸਰਕਾਰ ਦੇ ਆਦੇਸ਼ਾਂ ਦਾ ਪਾਲਣ ਕੀਤਾ।

ਪ੍ਰਧਾਨ ਮੰਤਰੀ ਮਾਰਕ ਰੂਟੇ ਦੀ 96 ਸਾਲਾ ਮਾਂ ਕੇਅਰ ਹੋਮ ਵਿਚ ਆਖਰੀ ਸਾਹ ਲੈ ਰਹੀ ਹੋਣ ਬਾਰੇ ਪੁੱਤਰ ਰੂਟੇ ਨੂੰ ਪੂਰੀ ਜਾਣਕਾਰੀ ਸੀ, ਪਰ ਦੇਸ਼ ਵਿਚ ਲੱਗੇ ਲਾਕਡਾਊਨ ਕਾਰਨ ਉਹ ਮਾਂ ਨੂੰ ਮਿਲਣ ਨਹੀਂ ਜਾ ਸਕੇ। ਉਨ੍ਹਾ ਦੇ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਕੋਰੋਨਾ ਵਾਇਰਸ ਦੀਆਂ ਪਾਬੰਦੀਆਂ ਦਾ ਪਾਲਣ ਕਰ ਰਹੇ ਸੀ, ਜਿਸ ਵਿਚ ਕੇਅਰ ਹੋਮ ਵਿਚ ਜਾਣ ਦੀ ਰੋਕ ਲੱਗੀ ਹੋਈ ਸੀ। ਸਭ ਤੋਂ ਵੱਡੀ ਗੱਲ ਇਹ ਕਿ ਮਾਰਕ ਨੇ ਆਪਣੀ ਮਾਂ ਦੀ ਮੌਤ ਦਾ ਖੁਲਾਸਾ 25 ਮਈ ਬੀਤੇ ਸੋਮਵਾਰ ਨੂੰ ਕੀਤਾ ਸੀ, ਜਦ ਕਿ ਉਸ ਦੀ ਮੌਤ 13 ਮਈ ਨੂੰ ਹੋ ਚੁੱਕੀ ਸੀ। ਕੇਅਰ ਹੋਮ ਦੇ ਬੁਲਾਰੇ ਮੁਤਾਬਕ ਪ੍ਰਧਾਨ ਮੰਤਰੀ ਰੂਟੇ ਦੀ ਮਾਂ ਦੀ ਮੌਤ ਕੋਰੋਨਾ ਵਾਇਰਸ ਦੇ ਕਾਰਨ ਨਹੀਂ ਹੋਈ।

ਇਸ ਤੋਂ ਪਹਿਲਾਂ ਮਾਰਕ ਰੂਟੇ ਨੇ ਆਪਣੀ ਮਾਂ ਦੀ ਮੌਤ ਬਾਰੇ ਸੂਚਨਾ ਦੇਂਦੇ ਹੋਏ ਕਿਹਾ ਸੀ, 'ਬਹੁਤ ਜ਼ਿਆਦਾ ਸੋਗ ਅਤੇ ਉਨ੍ਹਾਂ ਦੀਆਂ ਯਾਦਾਂ ਨਾਲ ਮੇਰਾ ਪਰਿਵਾਰ ਇਸ ਗੱਲ ਲਈ ਧੰਨਵਾਦ ਜ਼ਾਹਰ ਕਰਦਾ ਹੈ ਕਿ ਸਾਨੂੰ ਉਨ੍ਹਾਂ ਦੇ ਨਾਲ ਇੰਨੇ ਲੰਬੇ ਸਮੇਂ ਤੱਕ ਰਹਿਣ ਦਾ ਮੌਕਾ ਮਿਲਿਆ। ਅਸੀਂ ਪਰਿਵਾਰ ਵਿਚੋਂ ਉਨ੍ਹਾਂ ਨੂੰ ਅਲਵਿਦਾ ਕਰ ਦਿੱਤਾ ਹੈ। ਅਸੀਂ ਆਸ ਕਰਦੇ ਹਾਂ ਕਿ ਇਸ ਵੱਡੇ ਨੁਕਸਾਨ ਨਾਲ ਆਉਣ ਵਾਲੇ ਭਵਿੱਖ ਵਿਚ ਸ਼ਾਂਤੀ ਨਾਲ ਨਜਿੱਠ ਸਕਾਂਗੇ।'

# ਟਰੰਪ ਵੱਲੋਂ ਜੂਨ ਵਿੱਚ ਜੀ-7 ਸਿਖਰ ਵਾਰਤਾ ਕਰਵਾਏ ਜਾਣ ਉੱਤੇ ਟਰੂਡੋ ਲੈਣਗੇ ਹਿੱਸਾ!



ਓਟਵਾ, 27 ਮਈ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਜੇ ਜੂਨ ਵਿੱਚ ਜੀ-7 ਸਿਖਰ ਵਾਰਤਾ ਕਰਵਾਈ ਜਾਂਦੀ ਹੈ ਤਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉਸ ਵਿੱਚ ਹਿੱਸਾ ਲੈ ਸਕਦੇ ਹਨ।

ਮੰਗਲਵਾਰ ਨੂੰ ਵ੍ਹਾਈਟ ਹਾਊਸ ਨੇ ਆਖਿਆ ਕਿ ਟਰੰਪ ਚਾਹੁੰਦੇ ਹਨ ਕਿ ਜੀ-7 ਦੀ ਇਹ ਸਿਖਰ ਵਾਰਤਾ ਵਿਅਕਤੀਗਤ ਤੌਰ ਉੱਤੇ ਕਰਵਾਈ ਜਾਵੇ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੇਅਲੇ ਮੈਕਨੈਨੀ ਨੇ ਆਖਿਆ ਕਿ ਰੀਓਪਨਿੰਗ ਦੀ ਇਸ ਤੋਂ ਵਧੀਆ ਮਿਸਾਲ ਕੀ ਹੋਵੇਗੀ। ਪਰ ਕੈਨੇਡਾ ਤੇ ਅਮਰੀਕਾ ਵੱਲੋਂ ਲਾਈਆਂ ਗਈਆਂ ਸਰਹੱਦੀ ਪਾਬੰਦੀਆਂ ਕਾਰਨ ਘੱਟੋ ਘੱਟ 21 ਜੂਨ ਤੱਕ ਕੋਈ ਵੀ ਗੈਰ ਸਰਕਾਰੀ ਵਰਕਰਜ਼ ਹਿੱਸਾ ਨਹੀਂ ਲੈ ਸਕਣਗੇ।

ਪ੍ਰਧਾਨ ਮੰਤਰੀ ਟਰੂਡੋ ਦੇ ਆਫਿਸ ਦੇ ਇੱਕ ਅਧਿਕਾਰੀ ਨੇ ਆਖਿਆ ਕਿ ਅਜਿਹਾ ਹੋਣ ਦੀ ਸੂਰਤ ਵਿੱਚ ਟਰੂਡੋ ਵੱਲੋਂ ਇਸ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਬਾਰੇ ਅਜੇ ਵੀ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ। ਅਧਿਕਾਰੀ ਨੇ ਦੱਸਿਆ ਕਿ ਇਸ ਬਾਬਤ ਅਜੇ ਕੋਈ ਵੀ ਫੈਸਲਾ ਨਹੀਂ ਲਿਆ ਗਿਆ ਹੈ। ਪਰ ਆਖਰੀ ਫੈਸਲਾ ਪਬਲਿਕ ਹੈਲਥ ਦੀ ਸਲਾਹ ਉੱਤੇ ਹੀ ਲਿਆ ਜਾਵੇਗਾ। ਇਸ ਮੁੱਦੇ ਉੱਤੇ ਸਵਾਲ ਪੁੱਛੇ ਜਾਣ ਉੱਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਸੀ ਕਿ ਇਹ ਮਾਮਲਾ ਥੋੜ੍ਹਾ ਗੁੰਝਲਦਾਰ ਹੈ ਤੇ ਟਰੂਡੋ ਆਪ ਇਸ ਉੱਤੇ ਬੜੀ ਬਰੀਕੀ ਨਾਲ ਵਿਚਾਰ ਕਰ ਰਹੇ ਹਨ।

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਚੀਨ ’ਤੇ ਆਰਥਿਕ ਪਾਬੰਦੀਆਂ ਲਈ ਅਮਰੀਕਾ ਨੇ ਹਾਂਗ ਕਾਂਗ ਮੁੱਦੇ ਦਾ ਬਹਾਨਾ ਵਰਤਿਆ

* ਟਰੰਪ ਵੱਲੋਂ ਭਾਰਤ-ਚੀਨ ਵਿਵਾਦ ਉੱਤੇ ਵਿਚੋਲਗੀ ਦੀ ਪੇਸ਼ਕਸ਼

ਵਾਸ਼ਿੰਗਟਨ, 27 ਮਈ, (ਪੋਸਟ ਬਿਊਰੋ)- ਚੀਨ ਉੱਤੇ ਹਾਂਗ ਕਾਂਗ ਵਿੱਚ ‘ਗੁੰਡਾਗਰਦੀ’ ਕਰਨ ਦਾ ਦੋਸ਼ ਲਾ ਕੇ ਤੇ ਹਾਂਗ ਕਾਂਗ ਦੀ ਖੁਦ-ਮੁਖਤਿਆਰੀ ਖੋਹਣ ਵਾਲੇ ਕੌਮੀ ਸੁਰੱਖਿਆ ਕਾਨੂੰਨ ਦੇ ਵਿਰੋਧ ਦੇ ਨਾਂਅ ਉੱਤੇ ਅਮਰੀਕਾ ਨੇ ਅੱਜ ਚੀਨ ਦੇ ਖਿਲਾਫ ਸਖਤ ਆਰਥਿਕ ਪਾਬੰਦੀਆਂ ਦਾ ਐਲਾਨ ਕਰ ਦਿੱਤਾ ਹੈ।
ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਅਮਰੀਕੀ ਪਾਰਲੀਮੈਂਟ (ਕਾਂਗਰਸ) ਨੂੰ ਦਿੱਤੀ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਹਾਂਗ ਕਾਂਗ ਚੀਨ ਤੋਂ ਇਸ ਵੇਲੇ ਖੁਦ-ਮੁਖਤਿਆਰ ਨਹੀਂ ਰਿਹਾ। ਪੋਂਪੀਓ ਨੇ ਕਿਹਾ ਕਿ ਉਹ ਕਾਂਗਰਸ ਨੂੰ ਸਪੱਸ਼ਟ ਦੱਸਣਾ ਚਾਹੁੰਦੇ ਹਨ ਕਿ ਅਮਰੀਕਾ ਹਾਂਗ ਕਾਂਗ ਨੂੰ ਜੁਲਾਈ 1997 ਦੇ ਵੀ ਪਹਿਲਾਂ ਤੋਂ ਕਾਰੋਬਾਰੀ ਮਾਮਲਿਆਂ ਵਿੱਚ ਅਮਰੀਕੀ ਕਾਨੂੰਨ ਮੁਤਾਬਕ ਵਿਸ਼ੇਸ਼ ਛੋਟ ਦਿੰਦਾ ਰਿਹਾ ਹੈ, ਪਰ ਇਹ ਰਾਹਤ ਅੱਗੇ ਨਹੀਂ ਦਿੱਤੀ ਜਾਵੇਗੀ, ਕਿਉਂਕਿ ਇਸ ਵੇਲੇ ਹਾਂਗ ਕਾਂਗ ਚੀਨ ਤੋਂ ਪਹਿਲਾਂ ਵਾਂਗ ਖੁਦ-ਮੁਖਤਿਆਰ ਨਹੀਂ ਰਿਹਾ। ਅਮਰੀਕਾ ਸਰਕਾਰ ਦੇ ਏਦਾਂ ਦੇ ਐਲਾਨ ਦਾ ਅਰਥ ਹੈ ਕਿ ਅਗਲੇ ਦਿਨੀਂ ਹਾਂਗ ਕਾਂਗ ਦੇ ਨਾਲ ਚੀਨ ਉੱਤੇ ਵੀ ਆਰਥਿਕ ਪਾਬੰਦੀਆਂ ਲੱਗ ਜਾਣਗੀਆਂ, ਜਿਸ ਨਾਲ ਹਾਂਗ ਕਾਂਗ ਨੂੰ ਅਰਬਾਂ ਡਾਲਰਾਂ ਦਾ ਨੁਕਸਾਨ ਹੋਵੇਗਾ।
ਇਸ ਬਾਰੇ ਅਮਰੀਕਾ ਦੇ ਟਰੇਡ ਬਿਊਰੋ ਦੇ ਰਿਕਾਰਡ ਮੁਤਾਬਕ ਹਾਂਗ ਕਾਂਗ ਇਸ ਵੇਲੇ ਅਮਰੀਕਾ ਦਾ 21ਵਾਂ ਵੱਡਾ



ਕਾਰੋਬਾਰੀ ਸਹਿਯੋਗੀ ਹੈ ਤੇ ਇਸ ਸਾਲ ਦੀ ਪਹਿਲੀ ਤਿਮਾਹੀ ਵਿਚ ਅਮਰੀਕਾ ਨੇ ਹਾਂਗ ਕਾਂਗ ਨੂੰ 6.36 ਬਿਲੀਅਨ ਡਾਲਰ ਦਾ ਮਾਲ ਵੇਚਿਆ ਤੇ 952 ਮਿਲੀਅਨ ਡਾਲਰ ਦਾ ਮਾਲ ਉਸ ਤੋਂ ਲਿਆ ਹੈ। ਅਮਰੀਕਾ ਦੀਆਂ ਕਰੀਬ 1,200 ਕੰਪਨੀਆਂ ਇਸ ਵੇਲੇ ਹਾਂਗ ਕਾਂਗ ਵਿਚ ਕਾਰੋਬਾਰ ਕਰ ਰਹੀਆਂ ਹਨ, ਜਿਨ੍ਹਾਂ ਵਿਚੋਂ ਕਰੀਬ 800 ਕੰਪਨੀਆਂ ਦੇ ਦਫਤਰ ਜਾਂ ਰੀਜਨਲ ਦਫਤਰ ਓਥੇ ਹਨ। ਅੱਜ ਦੇ ਅਮਰੀਕਾ ਦੇ ਐਲਾਨ ਨਾਲ ਹਾਂਗ ਕਾਂਗ ਦੇ ਨਾਲ ਚੀਨ ਨੂੰ ਵੀ ਝਟਕਾ ਲੱਗੇਗਾ। ਸਾਲ 1997 ਤੋਂ ਪਹਿਲਾਂ ਹਾਂਗ ਕਾਂਗ ਬ੍ਰਿਟੇਨ ਦੀ ਕਾਲੋਨੀ ਸੀ ਤੇ ਬ੍ਰਿਟੇਨ ਨੇ 1997 ਵਿੱਚ ਇਸ ਨੂੰ ਚੀਨ ਨੂੰ ਦੇ ਦਿੱਤਾ ਸੀ। ਅਮਰੀਕਾ ਨੇ ਓਦੋਂ ਕਾਨੂੰਨ ਬਣਾ ਕੇ ਹਾਂਗ ਕਾਂਗ ਨੂੰ ਉਹੀ ਦਰਜਾ ਦਿੱਤਾ ਸੀ, ਜਿਹੜਾ ਉਹ ਬ੍ਰਿਟੇਨ ਦੇ ਰਾਜ ਵੇਲੇ ਦਿੰਦਾ ਰਿਹਾ ਸੀ। ਚੀਨ ਦਾ ਹਿੱਸਾ ਹੋਣ ਪਿੱਛੋਂ ਵੀ ਹਾਂਗ ਕਾਂਗ ਵਿਚ ਲੋਕਾਂ ਨੂੰ ਚੀਨ ਦੇ ਲੋਕਾਂ ਮੁਕਾਬਲੇ ਵੱਧ ਆਜ਼ਾਦੀ ਹੈ ਅਤੇ ਪ੍ਰੈੱਸ ਅਤੇ ਅਦਾਲਤਾਂ ਆਜ਼ਾਦੀ ਨਾਲ ਕੰਮ ਕਰਦੀਆਂ ਹਨ, ਪਰ ਚੀਨ ਦੇ ਕੌਮੀ ਸੁਰੱਖਿਆ ਕਾਨੂੰਨ ਦੇ ਲਾਗੂ ਹੋਣ ਨਾਲ ਹਾਂਗ ਕਾਂਗ ਦੇ ਲੋਕਾਂ ਦੀ ਇਹ ਆਜ਼ਾਦੀ ਖਤਮ ਨਹੀਂ ਰਹੇਗੀ।
ਇਸ ਦੌਰਾਨ ਭਾਰਤ ਤੇ ਚੀਨ ਦੀਆਂ ਫ਼ੌਜਾਂ ਵਿਚਾਲੇ ਸਰਹੱਦ ਉੱਤੇ ਵਧਦੇ ਦਬਾਅ ਵਿੱਚ ਵੀ ਅਮਰੀਕਾ ਕੁੱਦ ਪਿਆ ਹੈ। ਲੱਦਾਖ ਖੇਤਰ ਵਿਚ ਜਦੋਂ ਭਾਰਤ-ਚੀਨ ਦੀਆਂ ਫ਼ੌਜੀ ਟੁਕੜੀਆਂ ਇਕ ਦੂਜੇ ਤੋਂ ਕੁਝ ਸੌ ਮੀਟਰ ਦੂਰ ਖੜੀਆਂ ਹਨ ਤੇ ਦੋਵੇਂ ਪਾਸਿਆਂ ਤੋਂ ਫ਼ੌਜਾਂ ਦੀ ਗਿਣਤੀ ਵਧਾਈ ਜਾ ਰਹੀ ਹੈ, ਓਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਵਾਦ ਨੂੰ ਸੁਲਝਾਉਣ ਲਈ ਵਿਚੋਲਗੀ ਦੀ ਪੇਸ਼ਕਸ਼ ਕਰ ਦਿੱਤੀ ਹੈ। ਰਾਸ਼ਟਰਪਤੀ ਟਰੰਪ ਨੇ ਟਵੀਟ ਕੀਤਾ ਹੈ ਕਿ ਅਸੀਂ ਭਾਰਤ ਅਤੇ ਚੀਨ ਨੂੰ ਸੂਚਿਤ ਕੀਤਾ ਹੈ ਕਿ ਅਮਰੀਕਾ ਉਨ੍ਹਾਂ ਦਾ ਵਿਵਾਦ ਸੁਲਝਾਉਣ ਲਈ ਉਸ ਵਿਚ ਵਿਚੋਲਗੀ ਕਰਨ ਨੂੰ ਤਿਆਰ ਹੈ ਅਤੇ ਇਸ ਦੇ ਸਮਰੱਥ ਵੀ ਹੈ। ਭਾਰਤ ਤੇ ਚੀਨ ਸਰਹੱਦੀ ਵਿਵਾਦ ਉੱਤੇ ਪਹਿਲੀ ਵਾਰ ਅਮਰੀਕਾ ਜਾਂ ਕਿਸੇ ਦੂਜੇ ਦੇਸ਼ ਨੇ ਟਿੱਪਣੀ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਦਾ ਇਹ ਬਿਆਨ ਇਸ ਵਿਵਾਦ ਦੇ ਗੰਭੀਰ ਹੋਣ ਦਾ ਪ੍ਰਤੀਕ ਹੈ।

## ਅੱਜ ਨਾਮਾ

ਮੁਆਫੀ ਚੀਫ ਸਕੱਤਰ ਸੀ ਜਦੋਂ ਮੰਗੀ,
ਕਹਿੰਦੇ ਗਿਆ ਜੀ ਰੇੜਕਾ ਮੁੱਕ ਮੀਆਂ।
ਜਿਹੜੀ ਗੱਲ ਦਾ ਕੋਈ ਵੀ ਰੋਸ ਸੀ ਗਾ,
ਸਭ ਹੀ ਦਿੱਤੇ ਉਲਾਂਭੇ ਹਨ ਚੁੱਕ ਮੀਆਂ।
ਏਨੇ ਦਿਨਾਂ ਦਾ ਪਿਆ ਸੀ ਬੜਾ ਚਿੱਕੜ,
ਉਸ ਦੇ ਉੱਤੇ ਖਿਲਾਰੀ ਆ ਸੁੱਕ ਮੀਆਂ।
ਮੁਆਫੀ ਨਾਲ ਜੇ ਰੱਫੜ ਸੀ ਮੁੱਕ ਜਾਣਾ,
ਓਸੇ ਘੜੀ ਕਿਉਂ ਗਏ ਸੀ ਉੱਕ ਮੀਆਂ।
ਫਿਰ ਵੀ ਮੁੱਕੀ ਜੇ ਗੱਲ ਤਾਂ ਬੁਰਾ ਨਾਹੀਂ,
ਪੱਕੀ ਮੁੱਕੀ ਦਾ ਅਜੇ ਵਿਸ਼ਵਾਸ ਨਹੀਉਂ।
ਕੌੜ ਦਿਲਾਂ ਦੀ ਫੇਰ ਨਾ ਬਾਹਰ ਆਉਣੀ,
ਏਨੀ ਬਾਤ ਦੀ ਵੀ ਪੱਕੀ ਆਸ ਨਹੀਉਂ।

**ਤੀਸ ਮਾਰ ਖਾਂ**

# ਪੰਜਾਬ ਦੇ ਚੀਫ ਸੈਕਟਰੀ ਅਤੇ ਮੰਤਰੀਆਂ ਦਾ ਰੇੜਕਾ ਖਤਮ

* ਚੀਫ ਸੈਕਟਰੀ ਨੇ ਸਮੁੱਚੇ ਮੰਤਰੀ ਮੰਡਲ ਤੋਂ ਮੁਆਫੀ ਮੰਗੀ
* ਲਾਕਡਾਊਨ ਬਾਰੇ ਅਗਲਾ ਫੈਸਲਾ 30 ਮਈ ਨੂੰ ਲਿਆ ਜਾਵੇਗਾ

ਚੰਡੀਗੜ੍ਹ, 27 ਮਈ, (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੇ ਕਈ ਦਿਨਾਂ ਤੋਂ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਤੇ ਇਸ ਰਾਜ ਦੇ ਮੰਤਰੀਆਂ ਵਿਚਾਲੇ ਚੱਲ ਰਿਹਾ ਰੇੜਕਾ ਅੱਜ ਮੁੱਕ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿਚ ਚੀਫ ਸੈਕਟਰੀ ਨੇ ਕੈਬਨਿਟ ਬੈਠਕ ਦੌਰਾਨ ਸਾਰੇ ਮੰਤਰੀਆਂ ਤੋਂ ਮੁਆਫੀ ਮੰਗ ਲਈ ਹੈ।
ਅੱਜ ਹੋਈ ਮੰਤਰੀ ਮੰਡਲ ਦੀ ਬੈਠਕ ਪਿੱਛੋਂ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਚੀਫ ਸੈਕਟਰੀ ਵਲੋਂ ਮੁਆਫੀ ਮੰਗਣ ਨਾਲ ਵਿਵਾਦ ਖਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਕਰਨ ਅਵਤਾਰ ਨੇ ਉਨ੍ਹਾਂ ਤੋਂ ਤਿੰਨ ਵਾਰ ਮੁਆਫੀ ਮੰਗੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਵਿਵਾਦ ਹੋਇਆ ਸੀ, ਉਦੋਂ ਪਹਿਲੀ ਵਾਰ ਚੀਫ ਸੈਕਟਰੀ ਨੇ ਉਨ੍ਹਾਂ ਨੂੰ ਫੋਨ ਕਰਕੇ ਮੁਆਫੀ ਮੰਗੀ ਸੀ, ਦੂਜੀ ਵਾਰ ਉਨ੍ਹਾਂ ਪਿੰਡ ਬਾਦਲ ਜਾ ਕੇ ਮੁਆਫੀ ਮੰਗੀ ਤੇ ਤੀਜੀ ਵਾਰ ਅੱਜ ਕੈਬਨਿਟ ਤੋਂ ਆਪਣੇ ਵਿਹਾਰ ਲਈ ਮੁਆਫੀ ਮੰਗੀ ਹੈ। ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਨਸਾਨ ਗਲਤੀਆਂ ਦਾ ਪੁਤਲਾ ਹੈ, ਜੇ ਕੋਈ ਤਿੰਨ ਵਾਰ ਮੁਆਫੀ ਮੰਗੇ ਤੇ



ਉਸ ਨੂੰ ਕੋਈ ਮੁਆਫ ਨਾ ਕਰੇ ਤਾਂ ਇਨਸਾਨ ਹੰਕਾਰਿਆ ਹੁੰਦਾ ਹੈ। ਇਸ ਲਈ ਪੰਜਾਬ ਕੈਬਨਿਟ ਨੇ ਕਰਨ ਅਵਤਾਰ ਸਿੰਘ ਦੇ ਵਿਹਾਰ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਅਤੇ ਇਹ ਵਿਵਾਦ ਮੁੱਕ ਗਿਆ ਹੈ।
ਖਜ਼ਾਨਾ ਮੰਤਰੀ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ, ਜਦੋਂ ਮੰਤਰੀਆਂ ਤੇ ਅਫਸਰਾਂ ਦਾ ਵਿਵਾਦ ਹੋਇਆ ਹੋਵੇ, ਇਸ ਤੋਂ ਪਹਿਲਾਂ ਵੀ ਕਈ ਵਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਦਾ ਕਾਰਜਕਾਲ 5 ਸਾਲ ਅਤੇ ਅਫਸਰਾਂ ਦਾ 35 ਸਾਲ ਹੈ। ਵਿਧਾਇਕਾਂ ਨੇ ਲੋਕਾਂ ਨੂੰ ਜਵਾਬ ਦੇਣਾ ਹੁੰਦਾ ਹੈ ਤੇ ਉਹ ਇਸ ਬਾਰੇ ਕਾਹਲੇ ਹੁੰਦੇ ਹਨ। ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ 5 ਸਾਲ ਅਤੇ 35 ਸਾਲ ਵਾਲਿਆਂ ਦੀ ਚਾਲ ਕਈ ਵਾਰ ਨਹੀਂ ਮਿਲਦੀ, ਇਸ ਲਈ ਵਿਵਾਦ ਹੋ ਜਾਂਦੇ ਹਨ, ਪਰ ਅੱਜ ਚੀਫ ਸੈਕਟਰੀ ਦੇ ਮੁਆਫੀ ਮੰਗਣ ਨਾਲ ਮਾਮਲਾ ਖਤਮ ਹੋ ਗਿਆ ਤੇ ਲੋਕਤੰਤਰ ਦੀ ਜਿੱਤ ਹੋਈ ਹੈ। ਇਸ ਮੌਕੇ ਲਾਕਡਾਊਨ ਬਾਰੇ ਪੁੱਛੇ ਸਵਾਲ ਉੱਤੇ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਸ ਬਾਰੇ ਅਜੇ ਫੈਸਲਾ ਨਹੀਂ ਹੋਇਆ, ਅਗਲੇ ਦਿਨਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਕੀ ਰਾਜਾਂ ਨੂੰ ਦੇਖਦੇ ਹੋਏ ਅਤੇ ਕੇਂਦਰ ਦੇ ਫੈਸਲੇ ਤੋਂ ਬਾਅਦ ਯੋਗ ਕਦਮ ਚੁੱਕਣਗੇ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਏਥੇ ਲਾਕਡਾਊਨ ਦੇ ਬਾਰੇ ਅਗਲਾ ਕਦਮ ਚੁੱਕਣ ਦਾ ਫੈਸਲਾ 30 ਮਈ ਨੂੰ ਕਰੇਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਰਾਜ ਵਿੱਚ ਕੋਵਿਡ ਦੀ ਸਥਿਤੀ ਬਾਰੇ 30 ਮਈ ਨੂੰ ਸਬੰਧਤ ਵਿਭਾਗਾਂ ਦੀ ਮੀਟਿੰਗ ਪਿੱਛੋਂ ਲਾਕਡਾਊਨ ਬਾਰੇ ਕੋਈ ਫੈਸਲਾ ਕਰਨਗੇ।

# ਹਰਿਆਣਾ ਤੇ ਰਾਜਸਥਾਨ ਤੋਂ ਬਾਅਦ ਪੰਜਾਬ ਲਈ ਟਿੱਡੀ ਦਲ ਦਾ ਖਤਰਾ ਵਧਿਆ

* ਮਾਲਵਾ ਖੇਤਰ ਵਿੱਚ ਹਾਈ ਅਲਰਟ ਜਾਰੀ

ਬਠਿੰਡਾ, 27 ਮਈ, (ਪੋਸਟ ਬਿਊਰੋ)- ਮਹਾਰਾਸ਼ਟਰ, ਗੁਜਰਾਤ ਅਤੇ ਰਾਜਸਥਾਨ ਵਿਚ ਹਮਲੇ ਦੇ ਬਾਅਦ ਟਿੱਡੀ ਦਲ ਦੇ ਪੰਜਾਬ ਵੱਲ ਵਧਣ ਦੇ ਸ਼ੱਕ ਹੇਠ ਪੰਜਾਬ ਸਰਕਾਰ ਨੇ ਮਾਲਵਾ ਵਿਚ ਹਾਈ ਅਲਰਟ ਜਾਰੀ ਕਰ ਦਿੱਤਾ ਹੈ। ਖੇਤੀ ਵਿਭਾਗ ਨੇ ਟਿੱਡੀ ਦਲ ਦੇ ਸੰਭਾਵੀ ਹਮਲੇ ਨਾਲ ਨਜਿੱਠਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।
ਇਸ ਸੰਬੰਧ ਵਿਚ ਹਰਿਆਣਾ ਤੇ ਰਾਜਸਥਾਨ ਦੇ ਨਾਲ ਲਗਦੇ ਪਿੰਡਾਂ ਵਿਚ ਗੁਰੂ ਘਰਾਂ ਤੋਂ ਅਨਾਊਸਮੈਂਟ ਕਰਵਾ ਕੇ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਕਿਹਾ ਹੈ ਕਿ ਉਹ ਰਾਤਾਂ ਨੂੰ ਚੌਕਸ ਰਹਿਣ, ਕਿਉਂਕਿ ਟਿੱਡੀ ਦਲ ਆਮ ਕਰ ਕੇ ਰਾਤ ਨੂੰ ਹਮਲਾ ਕਰਦਾ ਹੈ ਤੇ ਕਰੋੜਾਂ ਦੀ ਗਿਣਤੀ ਵਿੱਚ ਟਿੱਡੀਆਂ ਕੁਝ ਘੰਟਿਆਂ ਵਿਚ ਫ਼ਸਲ ਚੱਟ ਜਾਂਦੀਆਂ ਹਨ। ਖੇਤੀ ਵਿਭਾਗ ਦੇ ਅਨੁਸਾਰ ਟਿੱਡੀ ਦਲ ਦੇ ਹਮਲੇ ਦਾ ਬਹੁਤਾ ਖਤਰਾ ਫਾਜ਼ਿਲਕਾ ਖੇਤਰ ਵਿਚ ਹੈ। ਇਸ ਨਾਲ ਨਜਿੱਠਣ ਲਈ ਵਿਭਾਗ ਨੇ ਅਧਿਕਾਰੀਆਂ ਦੀਆਂ ਟੀਮਾਂ ਬਣਾ ਕੇ ਨੋਡਲ ਅਫ਼ਸਰ ਨਿਯੁਕਤ ਕੀਤੇ ਹਨ, ਜਿਹੜੇ ਲਗਾਤਾਰ ਖੇਤਾਂ ਵਿਚ ਜਾ ਕੇ ਜਾਇਜ਼ਾ ਲੈਂਦੇ ਹਨ। ਕੁਝ ਸਮਾਂ ਪਹਿਲਾਂ ਵੀ ਸੰਗਤ ਬਲਾਕ ਦੇ ਪਿੰਡਾਂ ਵਿੱਚ ਛੋਟਾ ਜਿਹਾ ਟਿੱਡੀ ਦਲ ਦੇਖਿਆ ਗਿਆ ਸੀ। ਇਸ ਪਿੱਛੋਂ ਫਿਰ ਕੁਝ



ਟਿੱਡੀਆਂ ਦੇਖੀਆਂ ਤਾਂ ਪਿੰਡ ਗਹਿਰੀ ਬੁੱਟਰ ਦੇ ਲੋਕਾਂ ਨੂੰ ਖੇਤੀ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਸੀ, ਪਰ ਖੇਤੀ ਅਧਿਕਾਰੀਆਂ ਅਨੁਸਾਰ ਪੰਜਾਬ ਵਿਚ ਅਜੇ ਤਕ ਇਹ ਹਮਲਾ ਵੇਖਣ ਵਿਚ ਨਹੀਂ ਆਇਆ।
ਬਠਿੰਡਾ ਜ਼ਿਲ੍ਹੇ ਦੇ ਪਿੰਡ ਗਹਿਰੀ ਬੁੱਟਰ ਵਿੱਚ ਦੋ ਦਿਨ ਪਹਿਲਾਂ ਕੁਝ ਟਿੱਡੀਆਂ ਮਿਲਣ ਬਾਰੇ ਕਿਸਾਨਾਂ ਵੱਲੋਂ ਟਿੱਡੀ ਦਲ ਦੇ ਹਮਲੇ ਦੀ ਸੂਚਨਾ ਦੇਣ ਪਿੱਛੋਂ ਖੇਤੀਬਾੜੀ ਵਿਭਾਗ ਦੀ ਟੀਮ ਨੇ ਉਸ ਪਿੰਡ ਦੇ ਖੇਤਾਂ ਦਾ ਦੌਰਾ ਕੀਤਾ ਤੇ ਖੇਤ ਵਿੱਚੋਂ ਮਿਲੀਆਂ ਟਿੱਡੀਆਂ ਦੇ ਨਮੂਨੇ ਜਾਂਚ ਲਈ ਖੇਤੀਬਾੜੀ ਯੂਨੀਵਰਸਿਟੀ ਨੂੰ ਭੇਜੇ ਸਨ। ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ ਇਹ ਟਿੱਡੀਆਂ ਰਾਜਸਥਾਨ ਦੇ ਟਿੱਡੀ ਦਲ ਦੀਆਂ ਨਹੀਂ, ਕਿਸੇ ਹੋਰ ਨਸਲ ਦੀਆਂ ਸਨ। ਖੇਤੀਬਾੜੀ ਅਧਿਕਾਰੀਆਂ ਅਨੁਸਾਰ ਫ਼ਾਜ਼ਿਲਕਾ ਦੇ ਨਾਲ ਲਗਦੇ ਰਾਜਸਥਾਨ ਦੇ ਪਿੰਡ ਪੱਕਾ ਸਹਾਰਣਾ ਵਿਚ ਟਿੱਡੀ ਦਲ ਦੇ ਵੱਡੇ ਝੁੰਡਾਂ ਦੇ ਹਮਲੇ ਪਿੱਛੋਂ ਉਹੀ ਝੁੰਡ ਪੰਜਾਬ ਨੂੰ ਵਧਦਾ ਜਾਪਦਾ ਹੈ। ਡਾ. ਆਸਮਾਨਪ੍ਰੀਤ ਸਿੰਘ ਨੇ ਦੱਸਿਆ ਕਿ ਰਾਜਸਥਾਨ ਦੇ ਪਿੰਡ ਪੱਕਾ ਸਹਾਰਣਾ ਵਿਚ 10 ਗੁਣਾ 3 ਸਕੇਅਰ ਕਿਲੋਮੀਟਰ ਵਿੱਚ ਇਸ ਵੱਡੇ ਝੁੰਡ ਨੇ ਹਮਲਾ ਕੀਤਾ ਹੈ। ਇਹ ਪਿੰਡ ਫ਼ਾਜ਼ਿਲਕਾ ਦੇ ਬਿਲਕੁਲ ਨਾਲ ਲਗਦਾ ਹੋਣ ਕਾਰਨ ਹਮਲੇ ਦਾ ਬਹੁਤਾ ਡਰ ਉਥੇ ਹੈ, ਪਰ ਬਠਿੰਡਾ ਦੇ ਸੰਗਤ ਬਲਾਕ ਦੇ ਪਿੰਡਾਂ ਨੂੰ ਵੀ ਖਤਰਾ ਹੈ। ਰਾਜਸਥਾਨ ਸਰਕਾਰ ਨੇ ਝੁੰਡ ਉੱਤੇ ਕਾਬੂ ਪਾ ਕੇ ਇਸ ਨੂੰ 12 ਸਕੇਅਰ ਕਿਲੋਮੀਟਰ ਤਕ ਸਮੇਟ ਦਿੱਤਾ ਹੈ, ਇਸਦੇ ਬਾਵਜੂਦ ਮਾਲਵਾ ਖੇਤਰ ਵਿੱਚ ਹਾਈ ਅਲਰਟ ਜਾਰੀ ਕੀਤਾ ਗਿਆ ਹੈ।
ਟਿੱਡੀ ਦਲ ਦੇ ਹਮਲੇ ਦੇ ਡਰ ਕਾਰਨ ਖੇਤੀਬਾੜੀ ਵਿਭਾਗ ਨੇ ਪਾਵਰਕਾਮ, ਨਹਿਰੀ ਵਿਭਾਗ, ਲੋਕਲ ਬਾਡੀਜ਼ ਆਦਿ ਵਿਭਾਗਾਂ ਨਾਲ ਤਾਲਮੇਲ ਕੀਤਾ ਹੈ। ਜ਼ਿਲ੍ਹੇ ਵਿੱਚ ਕਰੀਬ 1400 ਸਪਰੇਅ ਪੰਪ ਤਿਆਰ ਰੱਖੇ ਗਏ ਹਨ, ਤਾਂ ਜੋ ਲੋੜ ਪੈਣ ’ਤੇ ਕੀੜੇ ਮਾਰ ਦਵਾਈ ਦਾ ਛਿੜਕਾਅ ਕੀਤਾ ਜਾ ਸਕੇ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਤਿਆਰ ਰਹਿਣ ਲਈ ਕਿਹਾ ਗਿਆ ਹੈ।

# ਕੋਵਿਡ-19 ਦੇ ਸਾਈਡ ਅਫੈਕਟ : ਕੈਨੇਡੀਅਨਾਂ ਦੀ ਸਿਹਤ ਉੱਤੇ ਪੈ ਰਿਹਾ ਹੈ ਨਕਾਰਾਤਮਕ ਅਸਰ

## ਪਾਬੰਦੀਆਂ ਕਾਰਨ ਟਲ ਚੁੱਕੀ ਹੈ 38 ਫੀ ਸਦੀ ਕੈਨੇਡੀਅਨਾਂ ਦੀ ਸਿਹਤ ਸੰਭਾਲ

ਓਟਵਾ, 27 ਮਈ (ਪੋਸਟ ਬਿਊਰੋ) : ਕੋਵਿਡ-19 ਆਊਟਬ੍ਰੇਕ ਤੋਂ ਪ੍ਰਭਾਵਤ ਕੈਨੇਡੀਅਨਾਂ ਦੀ ਮਦਦ ਕਰਨ ਲਈ ਫਰੰਟਲਾਈਨ ਮੈਡੀਕਲ ਸਟਾਫ ਵੱਲੋਂ ਦਿਨ ਰਾਤ ਇੱਕ ਕੀਤਾ ਜਾ ਰਿਹਾ ਹੈ। ਪਰ ਗੈਰ ਮੁਨਾਫੇ ਵਾਲੇ ਐਂਗਸ ਰੀਡ ਇੰਸਟੀਚਿਊਟ ਵੱਲੋਂ ਕਰਵਾਏ ਗਏ ਇੱਕ ਨਵੇਂ ਅਧਿਐਨ ਵਿੱਚ ਪਾਇਆ ਗਿਆ ਕਿ ਕਰੋਨਾਵਾਇਰਸ ਮਹਾਂਮਾਰੀ ਨੂੰ ਰੋਕਣ ਲਈ ਕੀਤੇ ਜਾਣ ਵਾਲੇ ਇਲਾਜ ਕਾਰਨ ਹੋਰ ਆਪਰੇਸ਼ਨ ਰੱਦ ਹੋ ਗਏ ਜਾਂ ਮੁਲਤਵੀ ਕਰ ਦਿੱਤੇ ਗਏ। ਲੋਕਾਂ ਦੀ ਹਸਪਤਾਲਾਂ ਤੱਕ ਪਹੁੰਚ ਸੀਮਤ ਹੋ ਗਈ। ਕਰੋਨਾਵਾਇਰਸ ਤੋਂ ਇਲਾਵਾ ਹੋਰਨਾਂ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਦੀ ਸਾਂਭ ਸੰਭਾਲ ਦਾ ਕੰਮ ਵੀ ਟਲ ਗਿਆ। ਇਹ ਕਰੋਨਾਵਾਇਰਸ ਦਾ ਸਭ ਤੋਂ ਵੱਡਾ ਸਾਈਡ ਅਫੈਕਟ ਮੰਨਿਆ ਜਾ ਰਿਹਾ ਹੈ।
ਪੰਜਾਂ ਵਿੱਚੋਂ ਦੋ (38 ਫੀ ਸਦੀ) ਦਾ ਕਹਿਣਾ ਹੈ ਕਿ ਮੈਡੀਕਲ ਅਪੁਆਇੰਟਮੈਂਟਸ ਤੱਕ ਪਹੁੰਚ ਕਰਨ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦਾ ਨਿਯਮਤ ਇਲਾਜ ਨਹੀਂ ਹੋ ਪਾ ਰਿਹਾ ਤੇ ਕੋਵਿਡ-19 ਦੇ ਮਰੀਜ਼ਾਂ ਨੂੰ ਤਰਜੀਹ ਦਿੱਤੇ ਜਾਣ ਕਾਰਨ ਸਾਰੇ ਮੈਡੀਕਲ ਵਸੀਲੇ ਉੱਧਰ ਲਾਏ ਜਾ ਰਹੇ ਹਨ ਤੇ ਨਿਰਧਾਰਤ ਪ੍ਰੋਸੀਜ਼ਰਜ਼ ਨੂੰ ਵੀ ਟਾਲਿਆ ਜਾ ਰਿਹਾ ਹੈ।
ਅਧਿਐਨ ਵਿੱਚ ਹਿਸਾ ਲੈਣ ਵਾਲਿਆਂ ਵਿੱਚੋਂ 23 ਫੀ ਸਦੀ ਨੇ ਆਖਿਆ ਕਿ ਕਿਸੇ ਹੋਰ ਤਕਲੀਫ ਤੋਂ ਪ੍ਰਭਾਵਿਤ ਲੋਕ ਆਪਣੇ ਫੈਮਿਲੀ ਡਾਕਟਰ ਨੂੰ ਮਿਲਣ ਤੋਂ ਅਸਮਰੱਥ ਹੋ ਗਏ ਹਨ, 18 ਫੀ ਸਦੀ ਨੂੰ ਕਿਸੇ ਮੈਡੀਕਲ ਸਪੈਸ਼ਲਿਸਟ ਨਾਲ ਰੱਖੀ ਅਪੁਆਇੰਟਮੈਂਟ ਮਿਸ ਕਰਨੀ ਪਈ ਤੇ 13 ਫੀ ਸਦੀ ਦੇ ਤਾਂ ਐਮਆਰਆਈ ਜਾਂ ਸੀਟੀ ਸਕੈਨ ਵਰਗੇ ਐਡਵਾਂਸਡ ਡਾਇਗਨੌਸਟਿਕ ਟੈਸਟ ਤੱਕ ਰਹਿ ਗਏ। ਪ੍ਰਭਾਵਤ ਲੋਕਾਂ ਵਿੱਚੋਂ 76 ਫੀ ਸਦੀ ਨੇ ਆਖਿਆ ਕਿ ਇਸ ਸਭ ਕਾਸੇ ਦਾ ਉਨ੍ਹਾਂ ਦੀ ਸਮੁੱਚੀ ਸਿਹਤ ਉੱਤੇ ਨਕਾਰਾਤਮਕ ਅਸਰ ਪਿਆ ਹੈ।

# ਇਮਰਾਨ ਖਾਨ ਵੱਲੋਂ ਭਾਰਤ ਵਿਰੁੱਧ ਫਿਰ ਤਿੱਖੀ ਚਾਂਦਮਾਰੀ

* ਭਾਰਤ ਉੱਤੇ ਗੁਆਂਢੀ ਦੇਸ਼ਾਂ ਲਈ ਖਤਰੇ ਦਾ ਦੋਸ਼ ਲਾਇਆ

ਇਸਲਾਮਾਬਾਦ, 27 ਮਈ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਪਾਕਿਸਤਾਨ ਵੱਲ ਧਿਆਨ ਦੇਣ ਦੀ ਥਾਂ ਇਸ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਇਸ ਵੇਲੇ ਭਾਰਤ ਵਿਰੁੱਧ ਚਾਂਦਮਾਰੀ ਕਰ ਰਹੇ ਹਨ। ਅੱਜ ਉਨ੍ਹਾਂ ਨੇ ਇਕ ਵਾਰ ਫਿਰ ਟਵੀਟ ਕਰ ਕੇ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੀਆਂ ਨੀਤੀਆਂ ਤੇ ਗੁਆਂਢੀ ਦੇਸ਼ਾਂ ਨਾਲ ਭਾਰਤ ਦੇ ਸੰਬੰਧਾਂ ਬਾਰੇ ਵਿਵਾਦਤ ਬਿਆਨ ਜਾਰੀ ਕਰ ਦਿੱਤਾ ਹੈ।
ਵਰਣਨ ਯੋਗ ਹੈ ਕਿ ਇਮਰਾਨ ਵਾਰ-ਵਾਰ ਸੰਸਾਰ ਭਾਈਚਾਰੇ ਨੂੰ ਅਪੀਲ ਕਰ ਰਹੇ ਹਨ ਕਿ ਅੱਤਵਾਦ ਦੇ ਖਿਲਾਫ ਕਾਰਵਾਈ ਦਾ ਬਹਾਨਾ ਬਣਾ ਕੇ ਭਾਰਤ ਸਰਜੀਕਲ ਸਟਰਾਈਕ ਜਾਂ ਏਅਰ ਸਟਰਾਈਕ ਵਾਂਗ ਕਦਮ ਚੁੱਕ ਸਕਦਾ ਹੈ, ਪਰ ਸੰਸਾਰ ਮੰਚ ਤੋਂ ਸਮਰਥਨ ਨਾ ਮਿਲਣ ਪਿੱਛੋਂ ਅੱਜ ਇਮਰਾਨ ਖਾਨ ਨੇ ਭਾਰਤ ਦੇ ਗੁਆਂਢੀ ਦੇਸ਼ਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਟਵੀਟ ਕਰ ਕੇ ਕਿਹਾ ਕਿ ਹਿੰਦੂ ਕੱਟੜਪੰਥੀ ਮੋਦੀ ਸਰਕਾਰ ਆਪਣੀ ਵਿਸਥਾਰਵਾਦੀ ਨੀਤੀ ਨੂੰ ‘ਨਾਜ਼ੀ ਜਰਮਨੀ’ ਵਾਂਗ ਲਾਗੂ ਕਰ ਰਹੀ ਤੇ ਗੁਆਂਢੀ ਦੇਸ਼ਾਂ ਲਈ ਖਤਰਾ ਬਣਦੀ ਜਾਂਦੀ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਬੰਗਲਾ ਦੇਸ਼ ਨਾਲ ਸਿਟੀਜ਼ਨਸ਼ਿਪ ਐਕਟ, ਚੀਨ ਅਤੇ ਨੇਪਾਲ ਨਾਲ ਸਰਹੱਦੀ ਵਿਵਾਦ ਅਤੇ ਪਾਕਿਸਤਾਨ ਨਾਲ ਫਰਜ਼ੀ ਕਾਰਵਾਈ ਕਰਨਾ ਭਾਰਤ ਦੀ ਇਸ ਨੀਤੀ ਦੀ ਮਿਸਾਲ ਹੈ।
ਇਸ ਤੋਂ ਅੱਗੇ ਵਧ ਕੇ ਇਮਰਾਨ ਖਾਨ ਨੇ ਅਗਲੇ ਟਵੀਟ ਵਿਚ ਕਿਹਾ ਕਿ ਭਾਰਤ ਦਾ ‘ਆਜ਼ਾਦ ਕਸ਼ਮੀਰ’ (ਉਹ ਪਾਕਿਸਤਾਨੀ



ਕਬਜ਼ੇ ਵਾਲੇ ਕਸ਼ਮਰਿ ਨੂੰ ਆਜ਼ਾਦ ਕਸ਼ਮੀਰ ਕਹਿੰਦੇ ਹਨ) ਉੱਤੇ ਦਾਅਵਾ ਤੇ ਉਥੇ ਰੋਜ਼ ਦਖਲ ਵਧਾਉਣ ਦੀ ਨੀਤੀ ਚੌਥੀ ਜਨੇਵਾ ਕਨਵੈਨਸ਼ਨ ਦੀ ਉਲੰਘਣਾ ਹੈ ਤੇ ਇਹ ਜੰਗੀ ਅਪਰਾਧਾਂ ਦੀ ਕਲਾਸ ਵਿਚ ਆਉਂਦੀ ਹੈ। ਉਸ ਨੇ ਕਿਹਾ ਕਿ ਭਾਰਤ ਦੀ ਫਾਸਿਸਟ ਮੋਦੀ ਸਰਕਾਰ ਉਥੇ ਰਹਿੰਦੀਆਂ ਘੱਟ ਗਿਣਤੀਆਂ ਲਈ ਖਤਰਾ ਹੈ ਅਤੇ ਉਨ੍ਹਾਂ ਨੂੰ ਸੈਕਿੰਡ ਕਲਾਸ ਸਿਟੀਜ਼ਨ ਬਣਾ ਕੇ ਰੱਖਣਾ ਚਾਹੁੰਦੀ ਹੈ, ਇਹ ਇਸ ਰੀਜਨ ਦੀ ਸ਼ਾਂਤੀ ਲਈ ਵੱਡਾ ਖਤਰਾ ਹੈ।
ਦੂਸਰੇ ਪਾਸੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਲਗਾਤਾਰ ਭਾਰਤ ਦੀ ਕਸ਼ਮੀਰ ਨੀਤੀ ਉੱਤੇ ਸਵਾਲ ਚੁੱਕ ਰਹੇ ਹਨ। ਕੁਰੈਸ਼ੀ ਅਤੇ ਇਮਰਾਨ ਖਾਨ ਦੋਵੇਂ ਜਣੇ ਇਸ ਵਕਤ ਭਾਰਤ ਉੱਤੇ ਇਸਲਾਮੋਫੋਬੀਆ ਫੈਲਾਉਣ ਦਾ ਦੋਸ਼ ਲਾ ਰਹੇ ਹਨ। ਅੱਜ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੇ ਇਕ ਟਵੀਟ ਨੇ ਖੁਦ ਉਨ੍ਹਾਂ ਲਈ ਪਰੇਸ਼ਾਨੀ ਖੜੀ ਕਰ ਦਿੱਤੀ ਤੇ ਫਿਰ ਉਨ੍ਹਾਂ ਨੇ ਉਹ ਟਵੀਟ ਡਿਲੀਟ ਕਰ ਦਿੱਤਾ। ਆਪਣੇ ਟਵੀਟ ਵਿਚ ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਬਾਰੇ ਲਿਖਿਆ ਕਿ ਪਾਕਿਸਤਾਨ ਨੇ ਯੂ ਐੱਨ ਓ ਅਤੇ ਇਸਲਾਮੀ ਦੇਸ਼ਾਂ ਦੇ ਸੰਗਠਨ ਓ ਆਈ ਸੀ ਨੂੰ ਵਾਰ-ਵਾਰ ਅਪੀਲ ਕੀਤੀ ਹੈ ਕਿ ਉਹ ਨਰਿੰਦਰ ਮੋਦੀ ਦੀ ਦ੍ਰਾਵੜੀਅਨ ਸਰਦਾਰੀ ਵਾਲੀ ਵਿਚਾਰਧਾਰਾ ਦੀ ਨਿੰਦਾ ਕਰਨ, ਜਿਸ ਵਿਚ ਇਸਲਾਮੋਫੋਬੀਆ ਅਤੇ ਹਿੰਸਾ ਦੇ ਨਾਲ ਖੇਤਰੀ ਅਸਥਿਰਤਾ ਵੀ ਲਗਾਤਾਰ ਜਾਰੀ ਹੈ। ਕੁਰੈਸ਼ੀ ਦੇ ਟਵੀਟ ਉੱਤੇ ਅਮਰੀਕਾ ਵਿਚ ਰਹਿੰਦੇ ਪਾਕਿਸਤਾਨ ਦੇ ਸਾਬਕਾ ਰਾਜਦੂਤ ਹੱਕਾਨੀ ਨੇ ਲਿਖਿਆ ਕਿ ਲੱਗਦਾ ਹੈ ਕਿ ਪਾਕਿਸਤਾਨੀ ਵਿਦੇਸ਼ ਮੰਤਰੀ ਜਾਂ ਉਨ੍ਹਾਂ ਲਈ ਜਿਹੜਾ ਵੀ ਟਵੀਟ ਕਰਦਾ ਹੈ, ਉਸ ਨੂੰ ਭਾਰਤ ਦਾ ਇਤਿਹਾਸ ਤੇ ਜਾਤੀਗਤ ਪਿਛੋਕੜ ਦੀ ਜਾਣਕਾਰੀ ਨਹੀਂ। ਮੁੱਖ ਤੌਰ ਉੱਤੇ ਆਰੀਅਨ ਉੱਤਰ ਭਾਰਤ ਨੂੰ ਦ੍ਰਾਵੜੀਅਨ ਸਰਦਾਰੀ ਵਾਲੀ ਵਿਚਾਰਧਾਰਾ ਕਹਿਣਾ ਪਾਕਿਸਤਾਨ ਦੇ ਲਈ ਤੁਰਕੀ ਦੇ ਮੂਲ ਦਾ ਦਾਅਵਾ ਕਰਨ ਤੋਂ ਵੀ ਵੱਧ ਮਾੜਾ ਹੈ। ਇਸ ਟਿਪਣੀ ਤੋਂ ਬਾਅਦ ਵਿਦੇਸ਼ ਮੰਤਰੀ ਕੁਰੈਸ਼ੀ ਟਰੋਲ ਹੋਣ ਲੱਗੇ ਤੇ ਉਨ੍ਹਾਂ ਨੇ ਆਪਣਾ ਟਵੀਟ ਡਿਲੀਟ ਕਰ ਦਿੱਤਾ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.

Seema Bhayana

ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca



“Your neighborhood broker, Call Paramjit Deol Today”

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**




**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available


**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement .

*Canadian punjabi post assumes no responsibility for the accuracy of any information shown. Copyright Ppost 2019

# ਪੰਜਾਬ ਦੀਆਂ ਸਾਰੀਆਂ 17 ਡਿਸਟਿਲਰੀਜ਼ ਦੀ ਜਾਂਚ ਦੇ ਹੁਕਮ

* ਰਾਣਾ ਡਿਸਟਿਲਰੀਜ਼ ਦਾ ਈ ਟੀ ਓ ਟਰਾਂਸਫਰ * ਕਾਂਗਰਸ ਰਾਜ'ਚ ਕਾਂਗਰਸ ਵਿਧਾਇਕ ਦੀ ਮਿੱਲ ਵਿਰੁੱਧ ਕਾਰਵਾਈ

ਚੰਡੀਗੜ੍ਹ, 27 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਐਕਸਾਈਜ਼ ਵਿਭਾਗ ਦੀ ਪਾਲਸੀ ਬਾਰੇ ਚੀਫ ਸੈਕਟਰੀ ਨਾਲ ਛਿੜੇ ਵਿਵਾਦ ਦੇ ਬਾਅਦ ਟੈਕਸਾਂ ਦੀ ਆਮਦਨ ਘਟਣ ਦੀ ਜਾਂਚ ਕਰਨ ਲੱਗੀ ਹੋਈ ਸਰਕਾਰ ਨੇ ਕੁਝ ਕਾਂਗਰਸੀ ਨੇਤਾਵਾਂ ਦੀਆਂ ਸ਼ਰਾਬ ਡਿਸਟਿਲਰੀਜ਼ ਉੱਤੇ ਵੀ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਪ੍ਰਵਾਨਗੀ ਮਿਲਦੇ ਸਾਰ ਐਕਸਾਈਜ਼ ਵਿਭਾਗ ਨੇ ਸਭ ਤੋਂ ਪਹਿਲਾਂ ਇਸ ਰਾਜ ਦੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਫੈਕਟਰੀ ਨਾਲ ਸੰਬੰਧਤ ਈ ਟੀ ਓ ਨੂੰ ਹਟਾ ਦਿੱਤਾ ਹੈ। ਇਸ ਅਧਿਕਾਰੀ ਦੀ ਨਵੀਂ ਪੋਸਟਿੰਗ ਦੇ ਆਰਡਰ ਬਾਅਦ ਵਿੱਚ ਜਾਰੀ ਕੀਤੇ ਜਾਣਗੇ। ਇਹ ਕਾਰਵਾਈ ਇਸ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਲਾਏ ਗਏ ਏ. ਵੇਣੂਪ੍ਰਸਾਦ ਦੇ ਹੁਕਮ ਉੱਤੇ ਕੀਤੀ ਗਈ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਰਾਜ ਵਿੱਚ ਚੱਲਦੀਆਂ ਸਾਰੀਆਂ 17 ਡਿਸਟਿਲਰੀਜ਼ ਦੇ ਸਟਾਕ ਦੀ ਜਾਂਚ ਦੇ ਹੁਕਮ ਵੀ ਜਾਰੀ ਕੀਤੇ ਹਨ ਅਤੇ ਐਕਸਾਈਜ਼ ਵਿਭਾਗ ਦੇ ਸਾਰੇ ਅਫਸਰਾਂ ਦੀ ਜਾਂਚ ਵੀ ਹੋਵੇਗੀ। ਇਹ ਵੀ ਪਤਾ ਲੱਗਾ ਹੈ ਕਿ ਅੱਗੇ ਤੋਂ ਕਿਸੇ ਦੀ ਤਰੱਕੀ ਜਾਂ ਟਰਾਂਸਫਰ ਮੁੱਖ ਮੰਤਰੀ ਦੇ ਹੁਕਮਾਂ ਦੇ ਬਿਨਾਂ ਨਹੀਂ ਹੋਵੇਗੀ। ਇਸ ਲਈ ਪੰਜਾਬ ਵਿੱਚ ਵੱਡੇ ਪੱਧਰ 'ਤੇ ਵਿਭਾਗ ਦੇ ਅਫਸਰਾਂ ਦੇ ਟਰਾਂਸਫਰ ਹੋਣ ਦੀ ਸੰਭਾਵਨਾ ਬਣ ਗਈ ਹੈ ਅਤੇ ਇਹ ਲਿਸਟ ਕਿਸੇ ਵੇਲੇ ਵੀ ਆ ਸਕਦੀ ਹੈ।

ਇਸ ਦੇ ਨਾਲ ਹੀ ਰਾਜ ਸਰਕਾਰ ਨੇ ਨਾਜਾਇਜ਼ ਸ਼ਰਾਬ ਦੀ ਜਾਂਚ ਦੇ ਲਈ 27 ਵਾਧੂ ਟੀਮਾਂ ਬਣਾ ਦਿੱਤੀਆਂ ਹਨ ਤੇ ਹਰ ਟੀਮ ਵਿੱਚ ਡੀ ਐੱਸ ਪੀ, ਐਕਸਾਈਜ਼ ਐਂਡ ਟੈਕਸੇਸ਼ਨ ਅਫਸਰ ਤੇ ਪੁਲਸ ਮੁਲਾਜ਼ਮ ਰਹਿਣਗੇ। ਇਹ ਟੀਮਾਂ ਪਹਿਲਾਂ ਵੱਖ-ਵੱਖ ਇੰਸਪੈਕਟਰਾਂ ਦੀ ਅਗਵਾਈ ਵਿੱਚ ਕੰਮ ਕਰਦੀਆਂ ਟੀਮਾਂ ਤੋਂ ਇਲਾਵਾ ਹੋਣਗੀਆਂ ਤੇ ਵੱਖ-ਵੱਖ ਜ਼ਿਲਿਆਂ ਵਿੱਚ ਸਮੇਂ-ਸਮੇਂ 'ਤੇ ਛਾਪੇਮਾਰੀ ਕਰ ਕੇ ਨਾਜਾਇਜ਼ ਸ਼ਰਾਬ ਦੀ ਤਸਕਰੀ ਰੋਕਣ ਦਾ ਕੰਮ ਕਰਨਗੀਆਂ।

# ਨਾਜ਼ਾਇਜ ਮਾਈਨਿੰਗ ਕਰਦੇ 29 ਟਿੱਪਰ, ਪੋਕਲਾਈਨ ਤੇ ਟ੍ਰੈਕਟਰ-ਟ੍ਰਾਲੀ ਜ਼ਬਤ

ਰਾਹੋਂ, 27 ਮਈ (ਪੋਸਟ ਬਿਊਰੋ)- ਏਥੋਂ ਨੇੜੇ ਪਿੰਡ ਸ਼ਮਸਪੁਰ ਕੋਲ ਸਤਲੁਜ ਦਰਿਆ 'ਤੇ ਬੀਤੀ ਰਾਤ ਨਾਜਾਇਜ਼ ਢੰਗ ਨਾਲ ਰੇਤ ਦੀ ਮਾਈਨਿੰਗ ਕਰਨ ਵਾਲਿਆਂ 'ਤੇ ਕਾਰਵਾਈ ਕਰਨ ਪਿੱਛੋਂ ਥਾਣਾ ਰਾਹੋਂ ਦੇ ਐਸ ਐਚ ਓ ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਛਾਪੇ ਮਾਰ ਕੇ ਵੱਡੀ ਗਿਣਤੀ ਵਿੱਚ ਨਾਜਾਇਜ ਰੇਤ ਦੇ ਭਰੇ ਟਿਪਰ ਜ਼ਬਤ ਕੀਤੇ ਹਨ। ਥਾਣਾ ਸ਼ੇਖੇਮਜਾਰਾ ਦੇ ਇੰਚਾਰਜ ਐਸ ਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਮਾਈਨਿੰਗ ਵਿਭਾਗ ਦੇ ਅਧਿਕਾਰੀ ਹਰਜਿੰਦਰ ਸਿੰਘ ਨਾਲ ਸਾਂਝੇ ਤੌਰ 'ਤੇ ਛਾਪਾ ਮਾਰਿਆ ਗਿਆ ਸੀ, ਜਿਸ ਵਿੱਚ 29 ਟਿਪਰ, 2 ਪੋਕਲਾਈਨ ਮਸ਼ੀਨਾਂ, 1 ਟਰੈਕਟਰ ਟਰਾਲੀ ਤੇ ਇੱਕ ਮੋਟਰਸਾਈਕਲ ਜ਼ਬਤ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ 29 ਟਿਪਰਾਂ ਵਿੱਚੋਂ 8 ਟਿਪਰ ਰੇਤ ਵਿੱਚ ਭਰੇ ਹੋਏ ਸਨ ਅਤੇ ਬਾਕੀ ਖਾਲੀ ਟਿਪਰ ਪੋਕਲਾਈਨ ਮਸ਼ੀਨ ਨਾਲ ਭਰੇ ਜਾਣੇ ਸਨ। ਉਨ੍ਹਾਂ ਦੱਸਿਆ ਕਿ ਉਕਤ ਵਾਹਨਾਂ ਦੇ ਚਾਲਕ ਫਰਾਰ ਹੋ ਗਏ ਹਨ, ਜਿਨ੍ਹਾਂ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਨੇ ਦੱਸਿਆ ਕਿ ਸਤਲੁਜ ਦਰਿਆ ਵਿੱਚ ਖੜ੍ਹੇ ਟਿਪਰਾਂ ਨੂੰ ਲਾਕ ਲੱਗੇ ਹੋਏ ਹਨ ਅਤੇ ਹੋਰ ਡਰਾਈਵਰਾਂ ਨੂੰ ਭੇਜ ਕੇ ਉਹ ਲਾਕ ਖੁਲ੍ਵਾ ਕੇ ਟਿੱਪਰਾਂ ਨੂੰ ਥਾਣਾ ਸ਼ੇਖੇਮਜ਼ਾਰਾ ਲਿਆਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

# ਈਦ ਦੇ ਚੰਨ ਦੀ ਬਹਿਸ ਨੂੰ ਖਤਮ ਕਰਨ ਦੇ ਲਈ ਪਾਕਿਸਤਾਨ ਦੋ ਆਬਜ਼ਰਵੇਟਰੀਆਂ ਲਾਏਗਾ



ਇਸਲਾਮਬਾਦ, 27 ਮਈ (ਪੋਸਟ ਬਿਊਰੋ)- ਚੰਨ ਦੇ ਦੀਦਾਰ ਤੋਂ ਬਾਅਦ ਈਦ ਦੇ ਐਲਾਨ ਬਾਰੇ ਪਾਕਿਸਤਾਨ ਹਰ ਸਾਲ ਵਿਵਾਦ ਹੁੰਦਾ ਹੈ। ਇਸ ਨੂੰ ਦੇਖ ਕੇ ਸਾਇੰਸ ਐਂਡ ਟੈਕਨਾਲੌਜੀ ਮੰਤਰੀ ਫਵਾਦ ਚੌਧਰੀ ਨੇ ਸਥਾਈ ਹੱਲ ਕੱਢਣ ਦੀ ਗੱਲ ਕਹੀ ਹੈ। ਉਨ੍ਹਾ ਐਲਾਨ ਕੀਤਾ ਹੈ ਕਿ ਅਗਲੇ ਸਾਲ ਤੱਕ ਦੋ ਮੂਨ ਆਬਜ਼ਰਵੇਟਰੀ ਬਣਾਈਆਂ ਜਾਣਗੀਆਂ ਤਾਂ ਕਿ ਚੰਨ ਨੂੰ ਦੇਖੇ ਜਾਣ ਬਾਰੇ ਕੋਈ ਦੁਚਿੱਤੀ ਨਾ ਰਹੇ ਅਤੇ ਨਾ ਹੀ ਈਦ ਦੀ ਸਹੀ ਤਰੀਕ ਬਾਰੇ ਭੁਲੇਖਾ ਪਵੇ।

ਇਸ ਸੰਬੰਧ ਵਿੱਚ ਚੌਧਰੀ ਨੇ ਕਿਹਾ ਹੈ ਕਿ ਇੱਕ ਆਬਜ਼ਰਵੇਟਰੀ ਇਸਲਾਮਾ-ਬਾਦ 'ਚ ਅਤੇ ਇੱਕ ਗਵਦਰ ਵਿੱਚ ਸੈੱਟ ਕੀਤੀ ਜਾਵੇਗੀ ਜਿੱਥੋਂ ਕੋਈ ਵੀ ਖੁਦ ਜਾ ਕੇ ਚੰਨ ਦਾ ਦੀਦਾਰ ਕਰ ਸਕੇਗਾ। ਉਨ੍ਹਾਂ ਨੇ ਕਿਹਾ ਕਿ ਇਸ ਸਾਲ ਚੰਨ ਨੂੰ ਦੇਖੇ ਜਾਣ ਬਾਰੇ ਵਿਵਾਦ ਨੂੰ ਦੇਖ ਕੇ ਅਸੀਂ ਪਲਾਨ ਇਹ ਬਣਾ ਲਿਆ ਹੈ ਕਿ ਅਗਲੇ ਸਾਲ ਤੱਕ ਇੱਕ ਆਬਜ਼ਰਵੇਟਰੀ ਇਸਲਾਮਾਬਾਦ ਵਿੱਚ ਅਤੇ ਇੱਕ ਗਵਦਰ 'ਚ ਤਿਆਰ ਕੀਤੀ ਜਾਵੇਗੀ। ਇਸ ਨਾਲ ਹਮੇਸ਼ਾ ਲਈ ਇਸ ਮੁੱਦੇ ਦਾ ਹੱਲ ਹੋ ਜਾਵੇਗਾ ਕਿ ਕੋਈ ਵੀ ਆਮ ਇਨਸਾਨ ਖੁਦ ਜਾ ਕੇ ਚੰਨ ਨੂੰ ਦੇਖ ਸਕੇਗਾ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ
132''
88''
8 Seated Sofa
- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਮਹਾਂਮਾਰੀ ਬਹੁਤ ਜਲਦ ਸਾਡਾ ਪਿੱਛਾ ਨਹੀਂ ਛੱਡਣ ਵਾਲੀ



ਸੁਰਜੀਤ ਸਿੰਘ ਫਲੋਰਾ

ਜੋ ਅਸੀਂ ਸਾਰੇ ਸੰਸਾਰ ਭਰ ਤੋਂ ਵੇਖਦੇ ਆ ਰਹੇ ਹਾਂ ਉਸ ਤੋਂ ਜਾਪਦਾ ਹੈ ਕਿ ਕੋਵਿਡ 19 ਮਹਾਂਮਾਰੀ ਬਹੁਤ ਜਲਦ ਸਾਡਾ ਪਿੱਛਾਂ ਨਹੀਂ ਛੱਡਣ ਵਾਲੀ।

ਖ਼ਬਰਾਂ ਵਿਚ ਇਹ ਹੈ ਕਿ ਕੋਵਿਡ -19 ਵਿਚ ਆਪਣੇ ਆਪ ਨੂੰ ਇਕ ਹੋਰ ਖ਼ਤਰਨਾਕ ਵਾਇਰਸ ਵਿਚ ਪ੍ਰਤੀਕ੍ਰਿਤੀ ਕਰਨ ਦਾ ਰੁਝਾਨ ਹੈ। ਪਰ ਹੋਰ ਸਾਰੀਆਂ ਮਹਾਂਮਾਰੀ ਵਾਂਗ, ਇਸ ਦਾ ਵੀ ਭਵਿੱਖ ਵਿੱਚ ਕਿਸੇ ਸਮੇਂ ਵੈਕਸੀਂਨ ਬਣਾ ਕੇ ਖ਼ਤਮ ਕੀਤਾ ਜਾਵੇਗਾ।

ਪਰ ਤਦ ਤੱਕ ਇਹ ਸੰਸਾਰ ਸਮਾਜਿਕ, ਰਾਜਨੀਤਿਕ ਅਤੇ ਨੈਤਿਕ ਤੌਰ 'ਤੇ ਵੱਖਰੀ ਦੁਨੀਆਂ ਜਿਵੇਂ ਹੁਣ ਅਸੀਂ ਜੀ ਰਹੇ ਹਾਂ ਜਿਉਣੀ ਪਏਗੀ।ਇਹ ਬਹੁਤ ਸੰਭਾਵਨਾ ਹੈ ਕਿ ਸਮਾਜਕ ਅਤੇ ਸਰੀਰਕ ਦੂਰੀ ਥੋੜੀ ਦੇਰ ਤੱਕ ਕੀਤੀ ਜਾਏਗੀ।

ਜਿਵੇਂ ਕਿ ਇਹ ਸਾਰੇ ਡਾਕਟਰੀ ਮਾਹਰਾਂ ਦੁਆਰਾ ਦਰਸਾਇਆ ਗਿਆ ਹੈ, ਲੋਕ ਇਸ ਵਾਇਰਸ ਦੁਆਰਾ ਸੰਕਰਮਿਤ ਹੋ ਸਕਦੇ ਹਨ ਅਤੇ ਕੋਈ ਲੱਛਣ ਪ੍ਰਦਰਸ਼ਤ ਨਹੀਂ ਕਰਦੇ - ਇਸ ਲਈ, ਉਹ ਇਸ ਨੂੰ ਮਹਿਸੂਸ ਕੀਤੇ ਬਗੈਰ ਦੂਸਰਿਆਂ ਵਿੱਚ ਸੰਚਾਰਿਤ ਕਰ ਸਕਦੇ ਹਨ।

ਇਹ ਵੀ ਨੋਟ ਕੀਤਾ ਗਿਆ ਹੈ ਕਿ ਇਸ ਵਾਇਰਸ ਨੇ ਕਿਸੇ ਨੂੰ ਬਖਸ਼ਿਆ ਨਹੀਂ ਹੈ

ਇਸ ਨੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਹਰ ਉਮਰ ਦੇ ਲੋਕਾਂ ਨੂੰ ਸੰਕਰਮਿਤ ਕੀਤਾ ਹੈ।

ਜਦ ਤੱਕ ਹਰੇਕ ਨੂੰ ਟੀਕਾ ਨਹੀਂ ਲਗਾਇਆ ਜਾਂਦਾ, ਇਹ ਪਤਾ ਲਗਾਉਣਾ ਬਹੁਤ ਸਖਤ ਅਤੇ ਮੁਸ਼ਕਲ ਹੋਵੇਗਾ ਕਿ ਕੌਣ ਅਸਿਮਟੋਮੈਟਿਕ ਹੈ। ਇਸ ਲਈ, ਲੋਕ ਸਾਵਧਾਨੀ ਦੇ ਕਦਮ ਚੁੱਕਣਗੇ ਕਿ ਉਹ ਬਾਹਰ ਦਾ ਸਫਰ ਕਰਦੇ ਸਮੇਂ ਦੂਜਿਆਂ ਦੇ ਨੇੜੇ ਨਾ ਜਾਣ।

ਜਿਵੇਂ ਕਿ ਅਸੀਂ ਜਾਣਦੇ ਹਾਂ, ਨਮਸਕਾਰ, ਜੱਫੀ ਪਾਉਣ ਅਤੇ ਹੱਥ ਮਿਲਾਉਣ ਦਾ ਪੁਰਾਣਾ ਤਰੀਕਾ ਕੁਝ ਸਮੇਂ ਲਈ ਇਤਿਹਾਸ ਹੋਵੇਗਾ। ਕਾਰੋਬਾਰ ਕਰਨਾ ਵੱਖਰਾ ਹੋਵੇਗਾ ਹੱਥ ਮਿਲਾ ਕੇ ਕਾਰੋਬਾਰ ਦੀ ਦੁਨੀਆ ਵਿਚ ਇਕ ਸੌਦੇ ਨੂੰ ਸੀਲ ਕਰਨਾ ਬਹੁਤ ਅਸੁਖਾਵਾਂ ਹੋਵੇਗਾ।

ਲੋਕ ਕਿਸੇ ਵੀ ਮੌਕੇ ਖਾਣੇ ਲਈ ਰੈਸਟੋਰੈਂਟਾਂ ਵਿੱਚ ਜਾਣ ਤੋਂ ਕਾਫ਼ੀ ਝਿਜਕਣਗੇ।

ਸਭ ਤੋਂ ਪਹਿਲਾਂ, ਅਸੀਂ ਲੋਕਾਂ ਤੋਂ ਛੇ ਫੁੱਟ ਦੂਰ ਰੱਖ ਰਹੇ ਹਾਂ, ਅਤੇ ਫਿਰ ਸਾਨੂੰ ਉਹੀ ਭਾਂਡੇ ਇਸਤੇਮਾਲ ਕਰਨ ਲਈ ਕਿਹਾ ਜਾਂਦਾ ਹੈ ਜਿਵੇਂ ਉਸਨੇ ਸਾਡੇ ਡਿਨਰ ਨੂੰ ਖਾਣ ਲਈ ਪਹਿਲਾਂ ਵਰਤਿਆ ਹੈ? ਭਾਵੇਂ ਭਾਂਡੇ ਹੋਣਗੇ ਚੰਗੀ ਤਰ੍ਹਾਂ ਧੋਤੇ ਅਤੇ ਰੋਗਾਣੂ-ਮੁਕਤ-ਲੋਕ ਫਿਰ ਵੀ ਉਨ੍ਹਾਂ ਦੀ ਵਰਤੋਂ ਕਰਨ ਤੋਂ ਝਿਜਕਣਗੇ।

ਜ਼ਿਆਦਾਤਰ ਸੰਭਾਵਨਾ ਹੈ ਕਿ ਡਿਸਪੋਸੇਜਲ ਭਾਂਡਿਆਂ ਦੀ ਵਰਤੋਂ ਵਧੇਰੇ ਆਮ ਹੋਵੇਗੀ, ਪਰ ਇਹ ਵਧੇਰੇ ਕੂੜੇਦਾਨ ਪੈਦਾ ਕਰੇਗੀ।

ਕਿਸੇ ਨੂੰ ਕਿਤੇ ਵੀ, ਕੰਮ 'ਤੇ, ਪਾਰਟੀਆਂ' ਤੇ ਅਤੇ ਜਸ਼ਨਾਂ 'ਤੇ, ਘਰ ਵਿਚ ਜਾਂ ਜਨਤਕ ਥਾਵਾਂ' ਤੇ ਕਿਸੇ ਨੂੰ ਨਮਸਕਾਰ ਕਰਨ ਦੀਆਂ ਹਿੰਦੂ ਪਰੰਪਰਾਵਾਂ, ਸਭ ਤੋਂ ਜ਼ਿਆਦਾ ਸੰਭਾਵਨਾ ਹੈ। ਸਿੱਖਾ ਵਿਚ ਫਹਿਤੇ ਭਲਾਈ ਜਾਏਗੀ।

ਮੈਂ ਪ੍ਰਿੰਸ ਚਾਰਲਸ ਨੂੰ ਨਮਸਤੇ ਦੀ ਵਰਤੋਂ ਕਰਦਿਆਂ ਵੇਖਿਆ ਜਦੋਂ ਉਸਨੂੰ ਪਤਾ ਚਲਿਆ ਕਿ ਉਸਨੂੰ ਕੋਵਿਡ -19 ਲਈ ਸਕਾਰਾਤਮਕ ਟੈਸਟ ਕੀਤਾ ਗਿਆ ਸੀ। ਉਨ੍ਹਾਂ ਦੇ ਸਭਿਆਚਾਰ ਵਿਚ ਇਕ ਪਰੰਪਰਾ ਹੈ ਕਿ ਕੁਝ ਵੀ ਕਰਨ ਤੋਂ ਪਹਿਲਾਂ ਆਪਣੇ ਹੱਥ ਧੋਵੋ, ਖ਼ਾਸਕਰ ਖਾਣ ਤੋਂ ਪਹਿਲਾਂ।

ਇਸ ਤੋਂ ਇਲਾਵਾ, ਉੱਤਰੀ ਅਮਰੀਕੀ ਹੱਥ ਮਿਲਾਉਣ ਦੀ ਬਜਾਏ "ਕੂਹਣੀ-ਹਿਲਾਉਣ" ਦਾ ਅਭਿਆਸ ਕਰ ਰਹੇ ਹਨ।

ਜਨਤਕ ਆਵਾਜਾਈ ਨੂੰ ਲੈ ਕੇ, ਹਵਾਈ ਅਤੇ ਸਮੁੰਦਰ ਦੁਆਰਾ ਯਾਤਰਾ ਕਰਨਾ, ਅਤੇ ਛੁੱਟੀਆਂ ਲਈ ਯੋਜਨਾਵਾਂ ਬਣਾਉਣਾ ਕੁਝ ਲਈ ਮੁਸ਼ਕਲ ਚੁਣੌਤੀ ਭਰਿਆਂ ਹੋਵੇਗਾ।

ਜਦ ਤੱਕ ਅਸੀਂ ਨਹੀਂ ਜਾਣਦੇ ਕਿ ਹਰ ਕੋਈ ਟੀਕਾ ਲਗਾਇਆ ਹੋਇਆ ਹੈ, ਲੋਕ ਬੱਸ, ਰੇਲਗੱਡੀ, ਹਵਾਈ ਜਹਾਜ਼ ਜਾਂ ਕਿਸੇ ਵੀ ਆਵਾਜਾਈ ਵਾਲੇ ਟਿਕਾਣੇ ਅਤੇ ਸਾਧਨਾਂ ਦੇ ਕਿਸੇ ਵੀ ਵਿਅਕਤੀ ਦੇ ਨਾਲ ਬੈਠਣ ਤੋਂ ਡਰ ਜਾਣਗੇ ਅਤੇ ਝਿਜਕਣਗੇ, ਭਾਵੇਂ ਤੁਸੀਂ ਆਪਣੇ ਆਪ ਦੇ ਚਿਹਰੇ ਤੇ ਮਾਸਕ ਪਾਇਆ ਹੋਇਆ ਹੈ।

ਜਿਵੇਂ ਕਿ ਸਾਨੂੰ ਦੱਸਿਆ ਗਿਆ ਹੈ, ਫੇਸ ਮਾਸਕ ਸਿਰਫ ਇੱਕ ਸੰਕਰਮਿਤ ਵਿਅਕਤੀ ਨੂੰ ਵਾਇਰਸ ਫੈਲਣ ਤੋਂ ਰੋਕਣ ਲਈ ਹੈ। ਅਤੇ ਜੇ ਵਾਇਰਸ ਤੁਹਾਡੇ ਚਿਹਰੇ ਦੇ ਮਾਸਕ ਤੇ ਉਤਰਦਾ ਹੈ ਅਤੇ ਤੁਸੀਂ ਇਸ ਨੂੰ ਬਾਹਰੋਂ ਛੂਹਦੇ ਹੋ ਅਤੇ ਫਿਰ ਆਪਣੇ ਮੂੰਹ ਅਤੇ ਨੱਕ ਨੂੰ ਛੂਹ ਲੈਂਦੇ ਹੋ, ਤਾਂ ਤੁਹਾਨੂੰ ਸੰਭਾਵਤ ਤੌਰ ਤੇ ਲਾਗ ਲੱਗ ਜਾਵੇਗੀ। ਇਹ ਮਾਇਨੇ ਨਹੀਂ ਰੱਖਦਾ ਕਿ ਅਸੀਂ ਕਿੰਨੇ ਸਾਵਧਾਨ ਹੋਵਾਂਗੇ, ਹਾਦਸੇ ਵਾਪਰਨਗੇ। ਤੁਸੀਂ ਜਿੱਥੇ ਵੀ ਜਾਂਦੇ ਹੋ, ਯਾਤਰਾ ਕਰਦੇ ਹੋ ਜਾਂ ਸਿਰਫ ਲੋਕਾ ਵਿਚ ਵਿਚਰਦੇ ਹੋ।

ਖ਼ਬਰਾਂ ਵਿਚ ਇਹ ਹੈ ਕਿ ਟੋਰਾਂਟੋ ਵਿਚ, ਮਹਾਂਮਾਰੀ ਦੇ ਬਾਅਦ ਟੀ ਟੀ ਸੀ 'ਤੇ ਸਵਾਰੀਆਂ ਬਹੁਤ ਘੱਟ ਜਾਣਗੀਆਂ ਕਿਉਂਕਿ ਇਕ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਬਹੁਤ ਸਾਰੇ ਲੋਕ ਯਾਤਰਾ ਕਰਨ ਤੋਂ ਕੰਨੀ ਕਤਰਾ ਰਹੇ ਹਨ।

ਕੋਵਿਡ -19 ਤੋਂ ਪਹਿਲਾਂ, ਅਸੀਂ ਹਮੇਸ਼ਾਂ ਕਿਸੇ ਨਾਲ ਦੋਸਤਾਨਾ ਹੁੰਦੇ ਸੀ ਜਦੋਂ ਅਸੀਂ ਜਨਤਕ ਤੌਰ ਤੇ, ਸ਼ਾਪਿੰਗ ਮਾਲ ਵਿੱਚ, ਬੱਸ ਜਾਂ ਰੇਲ ਗੱਡੀ ਵਿੱਚ ਜਾਂ ਯਾਤਰਾ ਦੌਰਾਨ ਮਿਲਦੇ ਸੀ। ਪਾਰਟੀਆਂ , ਰੈਸਟੋਰੈਂਟਾਂ ਵਿਚ ਬੈਠ ਕੇ ਖਾਣਾ ਖਾਂਦੇ ਸੀ।ਜੋ ਸਭ ਕੁਝ ਬਦਲ ਜਾਵੇਗਾ।

ਜਿੱਥੋਂ ਤੱਕ ਸਾਡੀ ਵਿੱਤੀ ਸਥਿਤੀ ਦਾ ਸੰਬੰਧ ਹੈ ਉਥੇ ਇਕ ਨਵਾਂ ਮੋੜ ਹੋਵੇਗਾ ਜਿਵੇਂ ਕਿ ਅਸੀਂ ਇਸ ਮਹਾਂਮਾਰੀ ਦੇ ਦੌਰਾਨ ਦੇਖਿਆ, ਇਕ ਦਿਨ ਤੁਹਾਡੇ ਕੋਲ ਸਭ ਕੁਝ ਹੈ ਅਤੇ ਅਗਲੇ ਦਿਨ ਤੁਹਾਡੇ ਕੋਲ ਕੁਝ ਵੀ ਨਹੀਂ ਹੈ। ਮੈਨੂੰ ਲਗਦਾ ਹੈ ਕਿ ਲੋਕ ਆਪਣੇ ਪੈਸੇ ਨੂੰ ਲੈ ਕੇ ਬਹੁਤ ਸਾਵਧਾਨ ਹੋਣਗੇ। ਬਰਸਾਤੀ ਦਿਨਾਂ ਲਈ ਪੈਸੇ ਦੀ ਬਚਤ ਕਰਨਾ ਬਹੁਤ ਜ਼ਰੂਰੀ ਹੈ, ਸਮਝਦਾਰੀ ਨਾਲ ਖਰਚ ਕਰਨਗੇ

ਇਹ ਉਨ੍ਹਾਂ ਲੋਕਾਂ ਵਿੱਚ ਵਧੇਰੇ ਵਿੱਤੀ ਜਾਗਰੂਕਤਾ ਪੈਦਾ ਕਰੇਗੀ ਜਿਨ੍ਹਾਂ ਨੇ ਆਪਣੀ ਵਿੱਤੀ ਸਥਿਤੀ 'ਤੇ ਘੱਟ ਧਿਆਨ ਦਿੱਤਾ। ਇਹ ਮੰਦਭਾਗਾ ਹੈ ਕਿ ਇਹ ਮਹਾਂਮਾਰੀ ਅਮੀਰ ਲੋਕਾਂ ਨੂੰ ਵੀ ਗਰੀਬ ਬਣਾ ਦੇਵੇਗੀ ਤੇ ਜੋ ਪਹਿਲਾ ਹੀ ਗਰੀਬ ਸਨ ਉਹਨਾਂ ਲਈ ਜਿਉਣਾ ਮੁਸ਼ਕਲ ਹੋ ਜਾਵੇਗਾ।

ਆਰਥਿਕਤਾ ਦੇ ਪੰਡਤ ਅਤੇ ਸਿਆਸਤਦਾਨ ਭਵਿੱਖਬਾਣੀ ਕਰ ਰਹੇ ਹਨ ਕਿ ਅਰਥਚਾਰੇ ਨੂੰ ਚਾਰੇ ਸਿਲੰਡਰਾਂ 'ਤੇ ਚੱਲਣ ਵਿਚ ਸਮਾਂ ਲੱਗ ਜਾਵੇਗਾ। ਇਸ ਦੌਰਾਨ, ਕੰਪਨੀਆਂ ਕਰਮਚਾਰੀਆਂ ਦੀ ਗਿਣਤੀ ਨੂੰ ਘਟਾਉਣਗੀਆਂ। ਦੂਜਾ, ਕੁਝ ਕੰਪਨੀਆਂ ਨੌਕਰੀ ਦੀਆਂ ਅਸਾਮੀਆਂ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦੀਆਂ ਹਨ ਅਤੇ ਘੱਟ ਤਨਖਾਹਾਂ 'ਤੇ ਨਵੇਂ ਕਰਮਚਾਰੀਆਂ ਦੀ ਨਿਯੁਕਤੀ ਕਰ ਸਕਦੀਆਂ ਹਨ।

ਤੀਜਾ, ਖ਼ਬਰਾਂ ਪਹਿਲਾਂ ਹੀ ਸਾਹਮਣੇ ਆ ਰਹੀਆਂ ਹਨ ਕਿ ਕੁਝ ਕੰਪਨੀਆਂ, ਰੈਸਟੋਰੈਂਟ ਅਤੇ ਦੁਕਾਨਾਂ ਚੰਗੇ ਲਈ ਬੰਦ ਹੋ ਰਹੀਆਂ ਹਨ ਕਿਉਂਕਿ, ਇਸ ਮਾਮਲੇ ਬਾਰੇ ਬਹੁਤ ਜ਼ਿਆਦਾ ਵਿਚਾਰ ਕਰਨ ਤੋਂ ਬਾਅਦ, ਮਾਲਕਾਂ ਨੇ ਸਿੱਟਾ ਕੱਢਿਆਂ ਕਿ ਉਥੇ ਮਹਾਂਮਾਰੀ ਦੇ ਬਾਅਦ ਦੇ ਯੁੱਗ ਵਿੱਚ ਕੋਈ ਵਿਵਹਾਰਕ ਕਾਰੋਬਾਰ ਨਹੀਂ ਹੋਵੇਗਾ।

ਇਸ ਲਈ, ਸਰਕਾਰ ਦੇ ਐਮਰਜੈਂਸੀ ਫੰਡਾਂ ਦੇ ਖ਼ਤਮ ਹੋਣ ਅਤੇ ਨੌਕਰੀਆਂ ਨਹੀਂ ਮਿਲਣਗੀਆਂ, ਇਹ ਲੋਕਾਂ ਨੂੰ ਗਰੀਬੀ ਦੇ ਖੇਤਰ ਵਿਚ ਸ਼ਾਮਲ ਹੋਣ ਲਈ ਮਜਬੂਰ ਕਰੇਗਾ।

ਇਹ ਕੁਝ ਆਮ ਅਸਧਾਰਨ ਸ਼ਕਤੀਆਂ ਹਨ ਜੋ ਮੈਂ ਮਹਾਂਮਾਰੀ ਦੇ ਬਾਅਦ ਦੇ ਸਮੇਂ ਦੇ ਦੌਰਾਨ ਵੇਖਣ ਦੀ ਉਮੀਦ ਕਰਦਾ ਹਾਂ।

ਇਸ ਲੇਖ ਦੇ ਦੂਜੇ ਭਾਗ ਵਿੱਚ, ਮੈਂ ਸੰਬੰਧਾਂ, ਖਾਣਾ ਖਾਣ, ਪਰਿਵਾਰਕ ਸੰਬੰਧਾਂ, ਮਨੋਰੰਜਨ ਅਤੇ ਖੇਡ ਖਿਡਾਰੀਆਂ ਦੇ ਸੰਬੰਧ ਵਿੱਚ ਆਮ ਅਸਧਾਰਨ ਸਥਿਤੀਆਂ ਬਾਰੇ ਵਿਚਾਰ ਕਰਾਂਗਾ।

ਜੁੜੇ ਰਹੋ - ਅਤੇ ਸੁਰੱਖਿਅਤ ਰਹੋ!

# ਜਗਮੀਤ ਸਿੰਘ ਨੇ ਕੈਨੇਡਾ ਦੇ ਸਭ ਕਰਮਚਾਰੀਆਂ ਲਈ ਪੇਡ ਸਿੱਕ ਲੀਵ ਹਾਸਲ ਕੀਤੀ

...ਪੰਨਾ 1 ਦਾ ਬਾਕੀ

ਪਿਛਲੇ ਕੁਝ ਹਫਤਿਆਂ ਤੋਂ ਜਗਮੀਤ ਸਿੰਘ ਅਤੇ ਨਿਊ ਡੈਮੋਕ੍ਰੈਟ ਐਮਪੀ ਫੈਡਰਲ ਸਰਕਾਰ ਤੋਂ ਸਭ ਕਰਮਚਾਰੀਆਂ ਲਈ ਦੋ ਹਫਤਿਆਂ ਦੀ ਪੇਡ ਸਿੱਕ ਲੀਵ ਦੀ ਮੰਗ ਕਰਦੇ ਆ ਰਹੇ ਹਨ, ਤਾਂ ਕਿ ਕਰਮਚਾਰੀ ਪੂਰੀ ਤਰਾਂ ਸੁਅਸਤਿ ਹੋ ਸਕਣ ਅਤੇ ਬਿਮਾਰੀ ਤੇ ਵਾਇਰਸ ਦੇ ਪਰਸਾਰ ਨੂੰ ਰੋਕ ਸਕਣ।

ਜਗਮੀਤ ਸਿੰਘ ਨੇ ਲੋਕ ਸਭਾ ਨੂੰ ਦੁਬਾਰਾ ਖੋਲਣ ਦੀ ਹਾਮੀ ਨੂੰ ਕੈਨੇਡਾ ਦੇ ਹਰ ਕਰਮਚਾਰੀ ਨੂੰ ਪੇਡ ਸਿੱਕ ਲੀਵ ਦੇਣ ਦੀ ਸ਼ਰਤ ਉਤੇ ਰਖੀ ਸੀ।ਸਿੰਘ ਨੇ ਕਿਹਾ: "ਅਸੀਂ ਪਹਿਲਾਂ ਤੋਂ ਸਪਸ਼ਟ ਸੀ ਕਿ ਸਰਕਾਰ ਨੂੰ ਹਰ ਕਰਮਚਾਰੀ ਨੂੰ ਪੇਡ ਸਿੱਕ ਲੀਵ ਦੇਣੀ ਚਾਹੀਦੀ ਹੈ। ਅਸੀਂ ਸਰਕਾਰ ਉਤੇ ਦਬਾ ਪਾਉਂਦੇ ਰਹਾਂਗੇ ਤਾਂ ਕਿ ਉਹ ਇਸ ਬਚਨ ਤੇ ਖਰੇ ਉਤਰਨ, ਅਤੇ ਓਹ ਸੂਬਿਆਂ ਦੇ ਨਾਲ ਕੰਮ ਕਰਕੇ ਕਰਮਚਾਰੀਆਂ ਲਈ ਪੇਡ ਸਿੱਕ ਲੀਵ ਨੂੰ ਅਮਿਟ ਬਣਾਉਣ। ਆਪਾਂ ਰਲ਼ਕੇ ਯਕੀਨੀ ਬਣਾਈਏ ਕੇ ਕਰਮਚਾਰੀਆਂ ਨੂੰ ਕਦੇ ਵੀ ਬਿਮਾਰ ਹੋਕੇ ਘਰ ਰਹਿਣ ਲਈ ਦਿਹਾੜੀ ਦੀ ਤਨਖਾਹ ਨਾ ਗੁਆਉਣੀ ਪਵੇ।"

ਬਲਬੀਰ ਸੀਨੀਅਰ ਦੇ ਸਦੀਵੀ-ਵਿਛੋੜੇ 'ਤੇ

# ਤੁਰ ਗਿਐ ਭਾਰਤੀ ਹਾਕੀ ਦਾ 'ਗੋਲ਼ਾਂ ਦਾ ਬਾਦਸ਼ਾਹ'...



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 84377-27375



ਭਾਰਤੀ ਹਾਕੀ ਦੇ ਇਤਿਹਾਸ ਵਿਚ 'ਧਰੂ-ਤਾਰੇ' ਵਾਂਗ ਚਮਕਣ ਵਾਲਾ ਬਲਬੀਰ ਸੀਨੀਅਰ 96 ਸਾਲ ਦੀ ਲੰਮੀ ਉਮਰ ਹੰਢਾਅ ਕੇ 25 ਮਈ ਨੂੰ ਆਖ਼ਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਪਿਛਲੇ ਦੋ ਕੁ ਸਾਲ ਤੋਂ ਉਹ ਕਦੀ ਬੀਮਾਰ ਤੇ ਕਦੀ ਰਾਜ਼ੀ ਹੋ ਜਾਂਦਾ ਰਿਹਾ। ਰਾਜ਼ੀ ਹੋਣ ਤੋਂ ਬਾਅਦ ਘਰ ਜਾ ਕੇ ਉਹ ਫਿਰ ਪੂਰਾ ਰਿਸ਼ਟ-ਪੁਸ਼ਟ ਹੋ ਜਾਂਦਾ ਜਿਵੇਂ ਕਦੇ ਬੀਮਾਰ ਹੋਇਆ ਹੀ ਨਾ ਹੋਵੇ। ਪਰ ਕੁਝ ਮਹੀਨਿਆਂ ਬਾਅਦ ਉਸ ਨੂੰ ਫਿਰ ਹਸਪਤਾਲ ਦਾ ਚੱਕਰ ਲਾਉਣਾ ਪੈ ਜਾਂਦਾ। ਪਿਛਲੇ ਸਾਲ ਉਹ ਪੀ.ਜੀ.ਆਈ. ਚੰਡੀਗੜ੍ਹ ਵੀ ਕਈ ਮਹੀਨੇ ਦਾਖ਼ਲ ਰਿਹਾ। ਇਹ ਸ਼ਾਇਦ ਉਸ ਦੀ ਲੰਮੇਰੀ ਉਮਰ ਦੇ ਇਸ ਪੜਾਅ ਕਾਰਨ ਸੀ। ਇਸ ਵਾਰ ਇਹ 'ਚੱਕਰ' ਕੁਝ ਵਧੇਰੇ ਲੰਮਾ ਤੇ ਮਾਰੂ ਸਾਬਤ ਹੋ ਗਿਆ ਅਤੇ ਮੋਹਾਲੀ ਦੇ ਇਕ ਹਸਪਤਾਲ ਵਿਚ ਉਸ ਨੂੰ ਪਿਆ ਦਿਲ ਦਾ ਦੌਰਾ ਉਸ ਦੇ ਲਈ ਜਾਨ-ਲੇਵਾ ਸਾਬਤ ਹੋਇਆ।

ਕੋਈ ਸਮਾਂ ਸੀ ਜਦੋਂ ਭਾਰਤੀ ਹਾਕੀ ਟੀਮ ਵਿਚ 11 ਵਿੱਚੋਂ 9 ਖਿਡਾਰੀ ਬਲਬੀਰ ਸਿੰਘ ਨਾਂ ਦੇ ਹੀ ਖੇਡਦੇ ਸਨ ਅਤੇ ਉਨ੍ਹਾਂ ਨੌਆਂ ਵਿੱਚੋਂ ਇਕ ਬਲਬੀਰ 'ਬਲਬੀਰ ਸੀਨੀਅਰ' ਦੇ ਨਾਂ ਨਾਲ ਮਸ਼ਹੂਰ ਹੋਇਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਸ਼ਹੂਰ ਉਹ ਆਪਣੀ ਸ਼ਾਨਦਾਰ ਖੇਡ ਸਦਕਾ ਹੀ ਹੋਇਆ ਸੀ ਅਤੇ 'ਸੀਨੀਅਰ' ਦਾ ਇਹ ਖ਼ਿਤਾਬ ਉਸ ਨੂੰ ਵਧੇਰੇ ਗੋਲ਼ ਦਾਗਣ ਕਰਕੇ ਮਿਲਿਆ। ਉਹ ਟੀਮ ਦੀ ਫ਼ਾਰਵਰਡ ਲਾਈਨ ਵਿਚ ਹੁੰਦਾ ਸੀ ਅਤੇ ਬਹੁਤੀ ਵੇਰ ਉਹ ਸੈਂਟਰ-ਫ਼ਾਰਵਰਡ ਹੀਂ ਖੇਡਿਆ। ਤਿੰਨ ਉਲਿੰਪਿਕਸ (ਲੰਡਨ 1948, ਹੈਲਸਿੰਕੀ 1952 ਅਤੇ ਮੈਲਬੌਰਨ 1956) ਵਿਚ ਭਾਰਤੀ ਟੀਮ ਦੇ ਉੱਚਤਮ-ਖਿਡਾਰੀ ਵਜੋਂ ਲਗਾਤਾਰ ਭਾਗ ਲੈਣਾ ਅਤੇ ਇਨ੍ਹਾਂ ਵਿਚ ਵਿਰੋਧੀ ਟੀਮਾਂ ਦੇ ਗੋਲ਼ਾਂ ਵਿਚ ਸੱਭ ਤੋਂ ਵਧੇਰੇ ਗੋਲ ਦਾਗਣੇ ਉਸ ਦੇ ਹਿੱਸੇ ਹੀ ਆਇਆ ਸੀ। ਉਸ ਦੇ ਵੱਲੋਂ ਕੀਤੇ ਗਏ ਗੋਲ਼ਾਂ ਦੀ ਗਿਣਤੀ ਕਰਨ ਵਾਲਿਆਂ ਦੇ ਦੱਸਣ ਅਨੁਸਾਰ ਉਸ ਨੇ ਇੰਟਰਨੈਸ਼ਨਲ ਮੈਚਾਂ ਵਿਚ 84 ਗੋਲ਼ ਦਾਗ਼ੇ। ਕਈ ਉਸ ਵੱਲੋਂ ਭਾਰਤ ਵਿਚ ਖੇਡੇ ਗਏ 61 ਮੈਚਾਂ ਵਿਚ ਕੀਤੇ ਗਏ ਗੋਲ਼ਾਂ ਦੀ ਗਿਣਤੀ 246 ਦੱਸਦੇ ਹਨ ਜੋ ਔਸਤਨ ਇਕ ਮੈਚ ਦੀ 4 ਤੋਂ ਵੱਧ ਬਣਦੀ ਹੈ। ਕਈ ਹੋਰਨਾਂ ਮੈਚਾਂ ਵਿਚ ਉਸ ਦੇ ਵੱਲੋਂ ਕੀਤੇ ਗਏ ਅਣਗਿਣਤ ਗੋਲ਼ਾਂ ਦਾ ਉਨ੍ਹਾਂ ਕੋਲ ਹਿਸਾਬ-ਕਿਤਾਬ ਨਹੀਂ ਹੈ। ਬਲਬੀਰ ਸੀਨੀਅਰ ਵੱਲੋਂ ਵੱਖ-ਵੱਖ ਮੈਚਾਂ ਵਿਚ ਵੱਡੀ ਗਿਣਤੀ ਵਿਚ ਦਾਗ਼ੇ ਗਏ ਗੋਲ਼ਾਂ ਕਾਰਨ ਉਸ ਨੂੰ 'ਗੋਲ਼ਾਂ ਦਾ ਬਾਦਸ਼ਾਹ' ਕਿਹਾ ਜਾਂਦਾ ਹੈ।

1952 ਦੀ ਹੈਲਸਿੰਕੀ ਉਲਿੰਪਿਕਸ ਦੇ ਫ਼ਾਈਨਲ ਮੈਚ ਵਿਚ ਭਾਰਤ ਵੱਲੋਂ ਨੀਦਰਲੈਂਡ ਦੀ ਟੀਮ ਨੂੰ ਕੀਤੇ ਗਏ ਛੇ ਗੋਲਾਂ ਵਿੱਚੋਂ ਪੰਜ ਬਲਬੀਰ ਸੀਨੀਅਰ ਵੱਲੋਂ ਦਾਗੇ ਗਏ ਸਨ ਅਤੇ ਭਾਰਤ ਨੇ ਇਹ ਮਹੱਤਵਪੂਰਨ ਹਾਕੀ ਖ਼ਿਤਾਬ 6-1 ਦੇ ਫ਼ਰਕ ਨਾਲ ਜਿੱਤਿਆ ਸੀ। ਇਸ ਉਲਿੰਪਿਕ ਮੁਕਾਬਲੇ ਵਿਚ ਉਹ ਟੀਮ ਦਾ ਉਪ-ਕਪਤਾਨ ਸੀ ਅਤੇ 1956 ਵਾਲੀ ਮੈਲਬੌਰਨ ਉਲਿੰਪਿਕ ਉਹ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਦਿਆਂ ਹੋਇਆਂ ਭਾਰਤ ਦਾ 'ਝੰਡਾ-ਬਰਦਾਰ' ਬਣਿਆ ਸੀ। ਕਹਿੰਦੇ ਹਨ ਕਿ ਉਨ੍ਹਾਂ ਦਿਨਾਂ ਵਿਚ ਇਹ ਆਮ ਹੀ ਸੁਣਨ ਵਿਚ ਆਉਂਦਾ ਸੀ ਕਿ ਵਿਰੋਧੀ ਟੀਮ ਦੀ 'ਡੀ' ਦੇ ਆਸ-ਪਾਸ ਜੇਕਰ ਗੇਂਦ ਬਲਬੀਰ ਸੀਨੀਅਰ ਦੀ ਹਾਕੀ-ਸਟਿੱਕ ਦੇ ਨੇੜੇ-ਤੇੜੇ ਵੀ ਆ ਗਈ ਤਾਂ ਇਹ ਉਸ ਵੱਲੋਂ 'ਪੱਕਾ ਗੋਲ' ਹੀ ਸਮਝੋ। ਹਾਕੀ-ਪ੍ਰੇਮੀਆਂ ਵੱਲੋਂ ਉਸ ਨੂੰ 'ਦੂਜਾ ਧਿਆਨ ਚੰਦ' ਤੇ 'ਅਜੋਕਾ ਧਿਆਨ ਚੰਦ' ਵਜੋਂ ਵੀ ਯਾਦ ਕੀਤਾ ਜਾਂਦਾ ਹੈ। 1971 ਅਤੇ 1975 ਦੇ 'ਹਾਕੀ ਵਰਲਡ ਕੱਪ' ਦੇ ਵੱਕਾਰੀ ਮੁਕਾਬਲਿਆਂ ਵਿਚ ਉਹ ਭਾਰਤੀ ਟੀਮ ਦਾ ਮੈਨੇਜਰ ਸੀ ਜਿਨ੍ਹਾਂ ਵਿਚ ਭਾਰਤ ਨੇ ਕ੍ਰਮਵਾਰ ਕਾਂਸੀ ਅਤੇ ਸੋਨੇ ਦਾ ਕੱਪ ਜਿੱਤਿਆ ਸੀ।

ਬਲਬੀਰ ਸਿੰਘ ਦਾ ਜਨਮ 31 ਦਸੰਬਰ 1923 ਨੂੰ ਪਿਤਾ ਦਲੀਪ ਸਿੰਘ ਤੇ ਮਾਤਾ ਕਰਮ ਕੌਰ ਦੇ ਘਰ ਮੋਗਾ ਸ਼ਹਿਰ ਦੇ ਨੇੜੇ ਪਿੰਡ ਹਰੀਪੁਰਾ ਵਿਚ ਹੋਇਆ। ਮੋਗੇ ਦੇ ਹਾਈ ਸਕੂਲ ਵਿਚ ਪੜ੍ਹਦਿਆਂ ਉਹ ਸਕੂਲ ਦੀ ਹਾਕੀ ਟੀਮ ਦਾ ਗੋਲ਼-ਕੀਪਰ ਸੀ ਅਤੇ ਕਾਲਜ ਵਿਚ ਜਾ ਕੇ ਉਹ ਫ਼ਾਰਵਰਡ ਲਾਈਨ ਵਿਚ ਖੇਡਿਆ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਹਾਕੀ ਟੀਮ ਦਾ ਕੋਚ ਹਰਬੇਲ ਸਿੰਘ ਉਸ ਨੂੰ ਹਾਕੀ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਵਾਲਾ ਸੀ। ਉਸ ਨੇ ਬਲਬੀਰ ਵਿਚ ਹਾਕੀ ਲਈ 'ਚਿਣਗ' ਮਹਿਸੂਸ ਕੀਤੀ ਅਤੇ ਉਹ ਉਸ ਨੂੰ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਪੁੱਟ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਲੈ ਕੇ ਆਇਆ। ਕਹਿੰਦੇ ਹਨ ਕਿ ਪਹਿਲਾਂ ਬਲਬੀਰ ਦੇ ਮਾਪੇ ਉਸ ਦੇ ਖ਼ਾਲਸਾ ਕਾਲਜ ਅੰਮ੍ਰਿਤਸਰ ਜਾਣ ਲਈ ਸਹਿਮਤ ਨਹੀਂ ਸਨ ਪਰ ਅਖ਼ੀਰ ਬਲਬੀਰ ਅਤੇ ਹਰਬੇਲ ਸਿੰਘ ਨੇ ਉਨ੍ਹਾਂ ਨੂੰ ਇਸ ਦੇ ਲਈ ਮਨਾ ਹੀ ਲਿਆ ਅਤੇ ਉਹ 1942 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਆ ਗਿਆ। ਇੱਥੇ ਹਰਬੇਲ ਸਿੰਘ ਨੇ ਬਲਬੀਰ ਵਿਚਲੀ ਉਸ 'ਚਿਣਗ' ਨੂੰ ਲੋੜੀਂਦੀ 'ਹਵਾ' ਦਿੱਤੀ ਅਤੇ ਆਪਣੀ ਸ਼ਾਨਦਾਰ ਤੇ ਸੁਚੱਜੀ ਕੋਚਿੰਗ ਨਾਲ ਉਸ ਨੂੰ 'ਲਟ-ਲਟ' ਬਾਲਿਆ।

1942-43 ਵਿਚ ਉਹ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਟੀਮ ਵਿਚ ਨੁਮਾਂਇੰਦਗੀ ਕਰਨ ਲਈ ਚੁਣਿਆਂ ਗਿਆ ਜਦੋਂ ਇਹ ਪੰਜਾਬ ਯੂਨੀਵਰਸਿਟੀ ਉਦੋਂ ਅਣਵੰਡੇ ਪੰਜਾਬ, ਜੰਮੂ-ਕਸ਼ਮੀਰ, ਸਿੰਧ ਅਤੇ ਰਾਜਸਥਾਨ ਸੂਬਿਆਂ ਵਿਚ 'ਇਕਲੌਤੀ ਯੂਨੀਵਰਸਿਟੀ' ਹੀ ਹੁੰਦੀ ਸੀ। ਯੂਨੀਵਰਸਿਟੀ ਨੇ ਬਲਬੀਰ ਸਿੰਘ ਦੀ ਕਪਤਾਨੀ ਹੇਠ 1943, 1944 ਅਤੇ 1945 ਵਿਚ ਲਗਾਤਾਰ ਤਿੰਨ ਸਾਲ 'ਆਲ-ਇੰਡੀਆ ਇੰਟਰ-ਯੂਨੀਵਰਸਿਟੀ ਹਾਕੀ ਟਾਈਟਲ' ਜਿੱਤਿਆ। 1947 ਵਿਚ ਹੋਈ ਦੇਸ਼ ਦੀ ਵੰਡ ਤੋਂ ਬਾਅਦ ਉਹ ਆਪਣੇ ਮਾਪਿਆਂ ਨਾਲ ਲੁਧਿਆਣੇ ਆ ਗਿਆ। ਪੰਜਾਬ ਪੋਲੀਸ ਵਿਚ ਸ਼ਾਮਲ ਹੋ ਗਿਆ ਅਤੇ 1961 ਤੀਕ ਪੰਜਾਬ ਪੋਲੀਸ ਦੀ ਟੀਮ ਦੀ ਕਪਤਾਨੀ ਕੀਤੀ। ਇੱਥੋਂ ਹੀ ਉਹ 1948 ਦੀ ਲੰਡਨ ਉਲਿੰਪਿਕਸ ਵਿਚ ਭਾਰਤੀ ਹਾਕੀ ਟੀਮ ਦਾ ਮੈਂਬਰ ਬਣਿਆਂ ਅਤੇ ਫਿਰ 1952 ਤੇ 1956 ਦੀਆਂ ਹੈਲਸਿੰਕੀ ਤੇ ਮੈਬੌਰਨ ਉਲਿੰਪਿਕਸ ਵਿਚ ਭਾਰਤੀ ਟੀਮ ਦਾ ਵਾਈਸ-ਕੈਪਟਨ ਅਤੇ ਕੈਪਟਨ ਬਣਿਆਂ ਜਿਸ ਦਾ ਵਿਸਥਾਰ-ਪੂਰਵਕ ਜ਼ਿਕਰ ਉੱਪਰ ਕੀਤਾ ਗਿਆ ਹੈ।

ਹੁਣ ਜੇਕਰ ਬਲਬੀਰ ਸੀਨੀਅਰ ਨੂੰ ਮਿਲੇ ਮਾਣ-ਸਨਮਾਨਾਂ ਦੀ ਗੱਲ ਕਰੀਏ ਤਾਂ ਸਪੋਰਟਸ ਦੇ ਖ਼ੇਤਰ ਵਿਚ ਭਾਰਤ ਦਾ ਉੱਚ-ਖ਼ਿਤਾਬ 'ਪਦਮਸ਼੍ਰੀ' ਹਾਸਲ ਕਰਨ ਵਾਲਾ ਉਹ ਪਹਿਲਾ ਖਿਡਾਰੀ ਹੈ। ਉਸ ਨੇ ਭਾਰਤ ਦਾ ਇਹ ਸਰਵੋਤਮ-ਸਨਮਾਨ 1957 ਵਿਚ ਪ੍ਰਾਪਤ ਕੀਤਾ। 1982 ਵਿਚ ਨਵੀਂ ਦਿੱਲੀ ਵਿਖੇ ਹੋਈਆਂ 'ਏਸ਼ੀਅਨ ਗੇਮਜ਼' ਉਸ ਨੇ ਖੇਡ-ਮਿਸ਼ਾਲ ਨੂੰ ਅਗਨੀ ਦੇ ਕੇ ਇਨ੍ਹਾਂ ਵੱਕਾਰੀ ਖੇਡਾਂ ਦੀ ਸ਼ੁਭ-ਸ਼ੁਰੂਆਤ ਕੀਤੀ। 2006 ਵਿਚ ਉਸ ਨੂੰ 'ਸਰਵੋਤਮ ਸਿੱਖ ਹਾਕੀ ਖਿਡਾਰੀ' ਹੋਣ ਦਾ ਮਾਣ ਹਾਸਲ ਹੋਇਆ। ਕਹਿੰਦੇ ਹਨ ਕਿ ਧਰਮ-ਨਿਰਪੱਖ ਸੋਚ ਦਾ ਮਾਲਕ ਬਲਬੀਰ ਸਿੰਘ ਇਕ ਵਿਸ਼ੇਸ਼ ਧਰਮ ਨਾਲ ਜੁੜੇ ਇਸ ਮਾਣ-ਸਨਮਾਨ ਲੈਣ ਦੇ ਹੱਕ ਵਿਚ ਨਹੀਂ ਸੀ ਪਰ ਫਿਰ ਵੀ ਉਸ ਨੇ ਭਾਰਤੀ ਹਾਕੀ ਦੀ ਪ੍ਰਫੁੱਲਤਾਂ ਦੇ ਮੱਦੇ-ਨਜ਼ਰ ਇਹ ਸਨਮਾਨ ਸਵੀਕਾਰ ਕਰ ਲਿਆ। ਮਸ਼ਹੂਰ ਅੰਗਰੇਜ਼ੀ ਅਖ਼ਬਾਰ 'ਪੈਟਰੀਆਟ' ਵੱਲੋਂ 1982 ਕਰਵਾਏ ਗਏ ਇਕ ਵਿਸ਼ੇਸ਼ ਸਰਵੇਖਣ ਦੇ ਆਧਾਰ 'ਤੇ ਬਲਬੀਰ ਸਿੰਘ ਨੂੰ 'ਵੀਹਵੀਂ ਸਦੀ ਦਾ ਸਪੋਰਟਸਪਰਸਨ' ਐਲਾਨਿਆਂ ਗਿਆ। 2015 ਵਿਚ ਉਸ ਨੂੰ 'ਮੇਜਰ ਧਿਆਨ ਚੰਦ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਆਫ਼ ਇੰਡੀਆ' ਦਿੱਤਾ ਗਿਆ। 1977 ਵਿਚ ਉਸ ਦੀ ਸਵੈ-ਜੀਵਨੀ ਅੰਗਰੇਜ਼ੀ ਵਿਚ 'ਦ ਗੋਲਡਨ ਹੈਟ-ਟਰਿੱਕ: ਮਾਈ ਹਾਕੀ ਡੇਅਜ਼' ਛਪੀ ਜਿਸ ਦੇ 'ਪ੍ਰਵੇਸ਼' (ਫੋਰਵਰਡ) ਵਿਚ ਬੈਨਰਜੀ ਲਿਖਦਾ ਹੈ, "ਬਲਬੀਰ ਸਿੰਘ ਦਾ ਕੇਵਲ ਇਕ ਹੀ ਤੌਖ਼ਲਾ ਸੀ। ਉਹ ਇਹ ਕਿ ਕੀ ਉਸ ਦੀ ਛਪੀ ਇਹ ਪੁਸਤਕ ਨਵੀਂ ਪੀੜ੍ਹੀ ਦੇ ਨੌਜੁਆਨਾਂ ਦਾ ਧਿਆਨ ਭਾਰਤ ਵਿਚ ਮਰ ਰਹੀ ਹਾਕੀ-ਪ੍ਰੰਪਰਾ ਵੱਲ ਖਿੱਚਣ ਵਿਚ ਕਾਮਯਾਬ ਹੋ ਸਕੇਗੀ।

ਪਿੱਛਲੇ ਸਾਲ ਅਖ਼ਬਾਰਾਂ ਵਿਚ ਇਹ ਖ਼ਬਰ ਵੀ ਪੜ੍ਹਨ ਨੂੰ ਮਿਲੀ ਸੀ ਕਿ ਬਲਬੀਰ ਸਿੰਘ ਨੇ ਆਪਣੇ ਜਿੱਤੇ ਹੋਏ ਸਾਰੇ ਮੈਡਲ ਅਤੇ ਇੰਡੀਆ ਟੀਮ ਵਿਚ ਭਾਗ ਲੈਣ ਵਾਲੇ ਯਾਦਗਾਰੀ ਬਲੇਜ਼ਰਜ਼ 'ਨੈਸ਼ਨਲ ਇੰਸਟੀਚਊਟ ਆਫ਼ ਸਪੋਰਟਸ' (ਐਨ.ਆਈ.ਐਸ.) ਪਟਿਆਲਾ ਨੂੰ ਦਿੱਤੇ ਸਨ ਤਾਂ ਕਿ ਉਹ ਇੱਥੇ ਸੁਰੱਖ਼ਿਅਤ ਰਹਿਣ ਅਤੇ ਆਉਣ ਵਾਲੀ ਨਵੀਂ ਪੀੜ੍ਹੀ ਦੇ ਖਿਡਾਰੀਆਂ ਲਈ ਪ੍ਰੇਰਨਾ-ਸਰੋਤ ਵਜੋਂ ਕੰਮ ਕਰਨ। ਇਹ ਉੱਥੇ ਪ੍ਰਦਸ਼ਿਤ ਵੀ ਕੀਤੇ ਗਏ ਸਨਪਰ ਬਦ-ਕਿਸਮਤੀ ਨਾਲ ਬਦ-ਕਿਸਮਤੀ ਨਾਲ ਕੁਝ ਸਮੇਂ ਬਾਅਦ ਹੀ ਇਨਾਂ ਵਿੱਚੋਂ ਬਹੁਤ ਸਾਰੇ ਉੱਥੋਂ 'ਚੋਰੀ' ਹੋ ਗਏ ਸਨ। ਇਸ ਨੂੰ 'ਭਾਰਤੀ ਹਾਕੀ ਦੀ ਬਦ-ਕਿਸਮਤੀ' ਹੀ ਕਿਹਾ ਜਾ ਸਕਦਾ ਹੈ ਜੋ ਇਸ ਸਮੇਂ ਕ੍ਰਿਕਟ ਵਰਗੀ 'ਅਮੀਰ-ਖੇਡ' ਦੇ ਪ੍ਰਭਾਵ ਹੇਠ ਬੁਰੀ ਤਰ੍ਹਾਂ ਲਿਤਾੜੀ ਜਾ ਚੁੱਕੀ ਹੈ। ਕਦੇ-ਕਦੇ ਸਰਦਾਰ ਸਿੰਘ ਵਰਗੇ ਮਾਣ-ਮੱਤੇ ਹਾਕੀ ਖਿਡਾਰੀਆਂ ਦੀ ਹਿੰਮਤ ਨਾਲ਼ ਇਸ ਦੇ ਉੱਭਰਨ ਦੀ ਆਸ ਬੱਝਦੀ ਹੈ ਪਰ ਫਿਰ ਇਹ ਬੁਰੇ ਵਕਤ ਦੇ ਲਫੇੜਿਆਂ ਦੀ ਮਾਰ ਹੇਠ ਆ ਜਾਂਦੀ ਹੈ। ਉਦੋਂ ਤਾਂ ਫਿਰ ਇੰਜ ਲੱਗਦਾ ਹੈ ਕਿ ਭਾਰਤੀ ਹਾਕੀ ਦੀ ਖੇਡ ਦਾ ਸੁਨਹਿਰੀ-ਸਮਾਂ ਹੁਣ ਵਿਹਾ ਚੁੱਕਾ ਹੈ ਅਤੇ ਇਸ ਦਾ ਮੁੜ ਉਸ ਮੁਕਾਮ 'ਤੇ ਪਹੁੰਚਣਾ ਅਤੀ-ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਜਾਪਦਾ ਹੈ।


ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060
ਬਲਬੀਰ: 289-541-5384
ਵੈਨ ਡਰਾਈਵਰ ਦੀ ਲੋੜ ਹੈ। ਤੁਸੀ ਆਪਣੀ ਕਾਰ ਲੈ ਕੇ ਵੀ ਬਰਲਿੰਗਟਨ, ਓਕਵਿੱਲ ਅਤੇ ਮੀਲਟਨ ਜਾ ਸਕਦੇ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਜਿਨ੍ਹੇ ਨਾਜ਼ ਥਾ ਹਿੰਦ ਪਰ, ਵੋ ਕਹਾਂ ਹੈਂ

-ਮਾਸਟਰ ਮੋਹਨ ਲਾਲ



ਅੱਜ ਮੇਰਾ ਸਵਾਲ ਸਿਰਫ ਦੇਸ਼ ਦੇ ਕਾਮਰੇਡ ਮਿੱਤਰਾਂ ਨੂੰ ਹੈ। ਕਾਮਰੇਡ ਏ ਕੇ ਡਾਂਗੇ, ਕਾਮਰੇਡ ਸੁਰਜੀਤ ਅਤੇ ਜੋਤੀ ਬਸੂ ਦੀ ਵਿਰਾਸਤ ਸੰਭਾਲਣ ਵਾਲੇ ਕਾਮਰੇਡ ਸੀਤਾ ਰਾਮ ਯੇਚੁਰੀ, ਪ੍ਰਕਾਸ਼ ਕਰਾਤ, ਕੇਰਲ ਦੇ ਮੁੱਖ ਮੰਤਰੀ ਪਿਨੇਰੀ ਵਿਜਯਨ, ਤ੍ਰਿਪੁਰਾ ਦੇ ਸਾਬਕਾ ਮੁੱਖ ਮੰਤਰੀ ਮਾਨਿਕ ਸਰਕਾਰ, ਤਪਨ ਕੁਮਾਰ ਸੇਨ ਵਰਗੇ ਮਿੱਤਰਾਂ ਕੋਲੋਂ ਝੁਕ ਕੇ ਪੁੱਛਦਾ ਹਾਂ ਕਿ ਤੁਸੀਂ ਪਿਛਲੇ 50-55 ਦਿਨਾਂ 'ਚ ਇਸ ਲਾਕਡਾਊਨ 'ਚ ਪ੍ਰਵਾਸੀ ਮਜ਼ਦੂਰਾਂ ਦੀ ਬਦਹਾਲੀ ਨੂੰ ਦੇਖਿਆ ਹੈ?

ਚਲੋ ਦੂਰ ਨਹੀਂ ਜਾਂਦਾ, ਪੰਜਾਬ ਦੇ ਮੇਰੇ ਬਹੁਤ ਹੀ ਪਿਆਰੇ ਮਿੱਤਰ ਕਾਮਰੇਡ ਜੋਗਿੰਦਰ ਦਿਆਲ ਅਤੇ ਮੰਗਤ ਰਾਮ ਪਾਸਲਾ ਤੋਂ ਪੁੱਛ ਲੈਂਦਾ ਹਾਂ ਕਿ ਉਨ੍ਹਾਂ ਨੇ ਇਨ੍ਹਾਂ 50 ਦਿਨਾਂ ਵਿੱਚ ਸੜਕਾਂ, ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ ਅਤੇ ਰਾਸ਼ਟਰੀ ਰਾਜ ਮਾਰਗਾਂ 'ਤੇ ਆਪਣੀ ਕਿਸਮਤ 'ਤੇ ਹੰਝੂ ਵਹਾਉਂਦੇ ਪ੍ਰਵਾਸੀ ਮਜ਼ਦੂਰਾਂ ਨੂੰ ਕਿਉਂ ਨਹੀਂ ਦੇਖਿਆ? ਕੋਈ ਗੱਲ ਨਹੀਂ ਆਪਣੇ ਸਥਾਨਕ ਮਿੱਤਰ ਕਾਮਰੇਡ ਨੱਥਾ ਸਿੰਘ, ਮਾਸਟਰ ਹਰਦੀਪ ਸਿੰਘ ਅਤੇ ਮਾਸਟਰ ਰਮੇਸ਼ ਕੋਲੋਂ ਪੁੱਛ ਲੈਂਦਾ ਹਾਂ ਕਿ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਦੇ ਦਰਦਨਾਕ ਦ੍ਰਿਸ਼ ਦੇਖ ਕੇ ਉਨ੍ਹਾਂ ਦਾ ਹਿਰਦਾ ਛਾਨਣੀ ਕਿਉਂ ਨਹੀਂ ਹੋਇਆ?

ਮੈਂ ਤਾਂ ਚਲੋ ਬਜ਼ੁਰਗ ਸੋਚ ਵਾਲਾ ਸੰਘੀ ਸਹੀ, ਤੁਸੀਂ ਸਭ ਸਦਾ ਮਜ਼ਦੂਰ ਹਿਤ ਚਿੰਤਕ ਰਹੇ ਹੋ। ਪ੍ਰਵਾਸੀ ਮਜ਼ਦੂਰਾਂ ਦੀ ਬਦਹਾਲੀ, ਮੀਲਾਂ ਭੁੱਖੇ-ਪਿਆਸੇ ਨੰਗੇ ਪੈਰੀਂ ਚੱਲਣ ਵਾਲੇ ਇਨ੍ਹਾਂ ਮਜ਼ਦੂਰਾਂ ਦੀ ਤਰਸ ਯੋਗ ਹਾਲਤ ਨੂੰ ਦੇਖ ਕੇ ਤੁਸੀਂ ਸੜਕਾਂ 'ਤੇ ਕਿਉਂ ਨਹੀਂ ਉਤਰ ਆਏ? ਕੀ ਕੋਰੋਨਾ ਤੋਂ ਡਰ ਗਏ ਸੀ? ਅਸੀਂ ਭਾਜਪਾ ਵਾਲੇ ਮੰਨਿਆ ਮਜ਼ਦੂਰ ਵਿਰੋਧੀ ਹਾਂ, ਪਰ ਤੁਸੀਂ ਹਮੇਸ਼ਾ ਉਨ੍ਹਾਂ ਦੇ ਹੱਕ 'ਚ ਨਾਅਰੇ ਲਾਏ ਅਤੇ ਲਾਉਂਦੇ ਰਹੇ ਹੋ। ਲਾਕਡਾਊਨ 'ਚ ਕਿਤੇ ਦਿਸੇ ਹੀ ਨਹੀਂ? ਜਾਪਦਾ ਹੈ ਕਿ ਤੁਹਾਨੂੰ ਕਾਮਰੇਡਸ਼ਿਪ ਨਹੀਂ, ਆਪਣੀ ਜਾਨ ਪਿਆਰੀ ਹੈ। ਸਥਾਨਕ ਨੇਤਾ ਸੁਭਾਸ਼ ਸ਼ਰਮਾ ਅਤੇ ਰਮੇਸ਼ ਮੈਨੂੰ ਜ਼ਿੰਦਗੀ ਭਰ ਮਜ਼ਦੂਰਾਂ ਲਈ ਰੋਂਦੇ ਮਿਲੇ। ਅੱਜ ਵਾਲੇ ਹਾਲਾਤ 'ਚ ਬਾਹਰ ਨਹੀਂ ਨਿਕਲੇ। ਮੈਂ ਫੋਨ ਵੀ ਕੀਤੇ ਕਿ ਪ੍ਰਵਾਸੀ ਮਜ਼ਦੂਰ ਸੜਕਾਂ 'ਤੇ ਮਰ ਰਿਹਾ ਹੈ, ਉਨ੍ਹਾਂ ਦਾ ਹਾਲ ਤਾਂ ਪੁੱਛੋ ਲਵੋ। ਨਹੀਂ ਪੁੱਛਿਆ।

ਕਾਮਰੇਡ ਮਿੱਤਰੋ, ਔਰੰਗਾਬਾਦ 'ਚ ਕਈ ਪ੍ਰਵਾਸੀ ਮਜ਼ਦੂਰ ਰੇਲਵੇ ਲਾਈਨਾਂ ਵਿੱਚ ਰੇਲ ਹੇਠ ਆਉਣ ਨਾਲ ਕੱਟ ਮਰੇ? ਜਾਣਦੇ ਤਾਂ ਹੋਵੇਗੇ ਤੁਸੀਂ ਵੀ ਕਿ ਔਰੱਈਆ 'ਚ ਟਰੱਕ ਪਲਟਣ ਨਾਲ 30-40 ਮਜ਼ਦੂਰ ਦੱਬ ਕੇ ਮਰ ਗਏ। ਤੁਸੀਂ ਜਾਂਚ ਕਰ ਲਵੋ ਬਦਬੋ, ਮਾਰਦੀਆਂ ਲਾਸ਼ਾਂ ਦੇ ਦਰਮਿਆਨ ਜ਼ਖ਼ਮੀ ਮਜ਼ਦੂਰਾਂ ਨੂੰ ਤੜਫਦਿਆਂ ਟਰੱਕਾਂ ਵਿੱਚ ਤੁੰਨ ਦਿੱਤਾ ਗਿਆ? ਇੰਨਾ ਤਾਂ ਸਮਾਂ ਕੱਢ ਕੇ ਦੇਖ ਲੈਂਦੇ ਕਿ ਇੱਕ ਗ਼ਰੀਬ ਪ੍ਰਵਾਸੀ ਮਜ਼ਦੂਰ ਦਾ ਪੁੱਤਰ ਬੈਲ ਦੀ ਥਾਂ ਉਤੇ ਖੁਦ ਇੱਕ ਗੱਡੇ ਉੱਤੇ ਬਿਠਾ ਕੇ ਖਿੱਚ ਕੇ ਆਪਣੇ ਪਰਵਾਰ ਨੂੰ ਮੰਜ਼ਿਲ ਤੱਕ ਲਿਜਾ ਰਿਹਾ ਸੀ? ਕਮਿਊਨਿਜ਼ਮ 'ਤੇ ਪਹਿਰਾ ਦੇਣ ਵਾਲੇ ਦੋਸਤੋ, 2500-2500 ਮੀਲ ਦਾ ਸਫਰ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਨੇ ਨੰਗੇ ਪੈਰੀਂ ਤੈਅ ਕੀਤਾ। ਘੱਟੋ ਘੱਟ ਜਾਗੀਰੂ ਸੋਚ ਰੱਖਣ ਵਾਲਾ ਇਹ ਤੁਹਾਡਾ ਮਿੱਤਰ ਮਾਸਟਰ ਮੋਹਨ ਲਾਲ ਕਈ-ਕਈ ਰਾਤਾਂ ਇਨ੍ਹਾਂ ਦ੍ਰਿਸ਼ਾਂ ਨੂੰ ਦੇਖ ਕੇ ਸੌਂ ਨਹੀਂ ਸਕਿਆ।

ਮਜ਼ਦੂਰਾਂ ਦੀ ਇੰਨੀ ਬੇਕਦਰੀ? ਮਨੁੱਖਤਾ ਦਾ ਇੰਨਾ ਭਿਆਨਕ ਮਜ਼ਾਕ? ਮਨੁੱਖੀ ਸਰੋਤ ਬਣ ਕੇ ਇਨ੍ਹਾਂ ਮਜ਼ਦੂਰਾਂ ਨੇ ਵੱਡੇ-ਵੱਡੇ ਡੈਮ ਬਣਾਏ, ਸਾਡੇ ਲਈ ਆਲੀਸ਼ਾਨ ਬੰਗਲੇ ਬਣਾਏ, ਕਾਰਖਾਨੇ ਚਲਾਏ, ਸੜਕਾਂ ਵਿਛਾਈਆਂ, ਰੇਲਵੇ ਪੁਲ ਤੇ ਫਾਈਵਸਟਾਰ ਹੋਟਲ ਬਣਾਏ ਅਤੇ ਜਦੋਂ ਮਜ਼ਦੂਰ 'ਤੇ ਔਖੀ ਘੜੀ ਆਈ ਤਾਂ ਅਸੀਂ ਆਪਣੇ ਘਰਾਂ 'ਤੇ ਤਾਲੇ ਲਾ ਲਏ। ਬੱਸਾਂ ਬੰਦ ਕਰ ਦਿੱਤੀਆਂ, ਰੇਲਾਂ ਰੋਕ ਦਿੱਤੀਆਂ, ਕੋਰੋਨਾ ਦਾ ਭੂਤ ਖੜ੍ਹਾ ਕਰ ਦਿੱਤਾ। ਮਰ ਗਿਆ ਮਜ਼ਦੂਰ। ਖ਼ਤਮ ਹੋ ਗਈ ਮਨੁੱਖਤਾ। ਮੈਂ ਪੁੱਛਦਾ ਹਾਂ; ਜਿਨਹੇਂ ਨਾਜ਼ ਥਾ ਹਿੰਦ ਪਰ, ਵੋ ਕਹਾਂ ਹੈਂ? ਮਜ਼ਦੂਰਾਂ ਦੇ ਖੈਰ ਖਵਾਹ ਕਾਮਰੇਡ ਕਿੱਥੇ ਹਨ? ਹਨ ਤਾਂ ਇਹ ਪ੍ਰਵਾਸੀ ਸਾਡੇ ਹੀ ਹਿੰਦੁਸਤਾਨ ਦੇ? ਰਹਿਣਾ ਇਨ੍ਹਾਂ ਨੇ ਭਵਿੱਖ 'ਚ ਇਸੇ ਹਿੰਦੁਸਤਾਨ 'ਚ ਹੈ? ਕਾਮਰੇਡ ਮਿੱਤਰੋ ਇਹ ਸਵਾਲ ਤਾਂ ਤੁਹਾਡੀ ਹਰ ਸਭਾ ਸੁਸਾਇਟੀ 'ਚ ਪੁੱਛਿਆ ਜਾਵੇਗਾ ਕਿ ਹਮੇਸ਼ਾ ਮਜ਼ਦੂਰਾਂ ਦਾ ਨਾਅਰਾ ਲਾਉਣ ਵਾਲੇ ਕਾਮਰੇਡ ਉਦੋਂ ਕਿਥੇ ਲੁਕ ਗਏ ਸਨ, ਜਦੋਂ ਪ੍ਰਵਾਸੀ ਮਜ਼ਦੂਰ ਸਿਰਫ ਇਸ ਲਈ ਰੋ ਰਿਹਾ ਸੀ ਕਿ ਉਸ ਨੇ ਆਪਣੇ ਪਿੰਡ-ਪਰਵਾਰ 'ਚ ਮਰਨਾ ਹੈ। ਇਹ ਤਾਂ ਉਸ ਦਾ ਮਨੋਵਿਗਿਆਨ ਹੈ ਕਿ ਉਹ ਆਪਣੇ ਪਰਵਾਰ ਦੇ ਬਾਹਰ ਕਿਉਂ ਮਰੇ? ਕਾਮਰੇਡ ਮਿੱਤਰੋ ਸਿਰਫ ਇੰਨਾ ਹੀ ਦਿਲਾਸਾ ਉਨ੍ਹਾਂ ਨੂੰ ਦੇ ਦਿੰਦੇ।

ਪਤਾ ਹੈ ਕਾਮਰੇਡ ਮਿੱਤਰਾਂ ਦੇ ਸਾਹਮਣੇ ਮੇਰੀ ਇਹ ਵੇਦਨਾ ਕਿਉਂ ਹੈ? ਇਸ ਲਈ ਕਿ ਆਪਣੀ 50 ਸਾਲਾਂ ਦੀ ਸਿਆਸਤ 'ਚ ਮੈਂ ਕਾਮਰੇਡ ਮਿੱਤਰਾਂ ਨੂੰ ਕਦੀ ਭੱਠਾ ਮਜ਼ਦੂਰਾਂ ਦੇ ਹੱਕ 'ਚ, ਕਦੀ ਤਪਦੀਆਂ ਦੁਪਹਿਰਾਂ 'ਚ ਕਾਰਖ਼ਾਨਿਆਂ ਦੇ ਸਾਹਮਣੇ ਧਰਨਾ ਲਾਏ ਜ਼ੋਰ-ਜ਼ੋਰ ਨਾਲ ਨਾਅਰੇ ਲਾਉਂਦੇ ਦੇਖਿਆ ਹੈ, ''ਦੁਨੀਆ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ।'' ਸ਼ਿਕਾਗੋ ਦੇ ਸ਼ਹੀਦ ਮਜ਼ਦੂਰਾਂ ਨੂੰ 'ਲਾਲ ਸਲਾਮ-ਲਾਲ ਸਲਾਮ।', 'ਸਾਡਾ ਹੱਕ ਇੱਥੇ ਰੱਖ।', 'ਮਾਂਗ ਹਮਾਰੀ ਪੂਰੀ ਹੋ, ਚਾਹੇ ਕੁਛ ਮਜ਼ਬੂਰੀ ਹੋ।' ਅੱਜ ਸੰਕਟ ਦੀ ਘੜੀ 'ਚ ਕਾਮਰੇਡ ਭਰਾ ਪ੍ਰਵਾਸੀ ਮਜ਼ਦੂਰਾਂ ਦੇ ਨਾਲ ਕਿਉਂ ਨਹੀਂ? ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਦੇ ਹੱਕ 'ਚ ਉਨ੍ਹਾਂ ਦੇ ਮੂੰਹੋਂ ਇੱਕ ਵੀ 'ਹਾਅ' ਦਾ ਨਾਅਰਾ ਨਹੀਂ? ਅਜਿਹਾ ਤਾਂ ਨਹੀਂ ਕਿ ਕਮਿਊਨਿਸਟਾਂ ਨੇ ਕੋਈ 'ਹਿਡਨ ਏਜੰਡਾ' ਬਣਾਇਆ ਹੋਵੇ ਕਿ ਜਗੀਰੂ ਸਰਕਾਰਾਂ ਨੂੰ ਬਦਨਾਮ ਕਰੋ। ਆਪਣੇ ਕੋਲ ਕੁਝ ਿਚਆ ਨਹੀਂ, ਕਿਉਂ ਨਾ ਫਿਰ ਭਾਜਪਾ ਅਤੇ ਕਾਂਗਰਸ ਨੂੰ ਪ੍ਰਵਾਸੀ ਮਜ਼ਦੂਰਾਂ ਦੀ ਇਸ ਲਾਚਾਰੀ 'ਚ ਬਦਨਾਮ ਕੀਤਾ ਜਾਵੇ? ਜੇ ਇਹ ਹਨ ਤਾਂ ਫਿਰ ਮੈਂ ਲਿਖਣਾ ਹੀ ਬੰਦ ਕਰ ਦਿੰਦਾ ਹਾਂ। ਸਿਆਸਤ 'ਚ ਅਜਿਹਾ ਤੁਹਾਨੂੰ ਕਰਨਾ ਵੀ ਚਾਹੀਦਾ ਹੈ।

ਜੇ ਪ੍ਰਵਾਸੀ ਮਜ਼ਦੂਰਾਂ ਨਾਲ ਮਿਲ ਕੇ ਚੱਲਦੇ ਤਾਂ ਸਿਆਸੀ ਲਾਭ ਮਿਲਦਾ, ਪਰ ਇਸ ਦੇ ਉਲਟ ਮਜ਼ਦੂਰ ਵਿਰੋਧੀ, ਜਾਗੀਰੂ ਸੋਚ ਰੱਖਣ ਵਾਲੇ ਬਜ਼ੁਰਗ ਕਹੀ ਜਾਣ ਵਾਲੀ ਪਾਰਟੀ ਅਤੇ ਵਿਅਕਤੀ, ਜਿੰਨਾ ਉਨ੍ਹਾਂ ਤੋਂ ਬਣ ਸਕਦਾ ਸੀ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਦੇ ਕਰਨ ਲਈ ਅੱਗੇ ਆਏ। ਬੇਸ਼ੱਕ ਇੱਕ ਦੂਸਰੇ 'ਤੇ ਚਿੱਕੜ ਸੁੱਟਣ 'ਤੇ ਲੱਗੇ ਹੋਏ ਹਨ ਅਤੇ ਤੁਹਾਡਾ ਜਿਨ੍ਹਾਂ ਦਾ ਸਿਆਸੀ ਏਜੰਡਾ ਹੀ ਮਜ਼ਦੂਰ ਰਿਹਾ ਹੋਵੇ, ਉਹ ਕਾਮਰੇਡ ਕਿਤੇ ਇਸ ਲਾਕਡਾਊਨ 'ਚ ਮਜ਼ਦੂਰਾਂ ਦੇ ਨਾਲ ਖੜ੍ਹੇ ਨਜ਼ਰ ਨਹੀਂ ਆਏ। ਆਬਾਦੀ ਦੇ 70 ਸਾਲਾਂ 'ਚ ਹਰ ਖੇਤਰ 'ਚ ਕਮਿਊਨਿਸਟਾਂ ਦੀਆਂ ਯੂਨੀਅਨਾਂ ਬੜੀਆਂ ਮਜ਼ਬੂਤ ਹੋ ਕੇ ਮਜ਼ਦੂਰਾਂ ਦੇ ਹਿਤਾਂ ਲਈ ਲੜੀਆਂ। ਉਨ੍ਹਾਂ ਦੇ ਇੱਕ ਇਸ਼ਾਰੇ 'ਤੇ ਰੇਲ ਗੱਡੀਆਂ ਰੁੱਕ ਜਾਂਦੀਆਂ ਸਨ। ਬਹੁਤ ਸਾਰੇ ਸੂਬਿਆਂ 'ਚ ਉਨ੍ਹਾਂ ਦੀਆਂ ਸਰਕਾਰਾਂ ਵੀ ਰਹੀਆਂ।

ਇੱਕ ਅਜਿਹਾ ਸਮਾਂ ਸੀ ਜਦੋਂ ਕਾਮਰੇਡ ਸੁਰਜੀਤ ਦੇ ਕਹਿਣ ਉੱਤੇ ਕੇਂਦਰ ਸਰਕਾਰ ਫੈਸਲੇ ਲੈਂਦੀ ਸੀ। ਪੱਛਮੀ ਬੰਗਾਲ 'ਚ ਲਗਾਤਾਰ 30-35 ਸਾਲ ਕਮਿਊਨਿਸਟਾਂ ਦਾ ਰਾਜ ਰਿਹਾ ਪਰ ਸੋਚੋ ਕਮਿਊਨਿਸਟ ਅੱਜ ਕਿੱਥੇ ਖੜ੍ਹੇ ਹਨ। ਇਸ ਲਈ ਕਿ ਕਮਿਊਨਿਸਟਾਂ ਨੇ ਭਾਰਤ ਦੇ ਸਮੇਂ, ਹਾਲਾਤ ਅਤੇ ਸੁਭਾਅ ਨੂੰ ਨਹੀਂ ਪਛਾਣਿਆ। ਅੱਜ ਪ੍ਰਵਾਸੀ ਮਜ਼ਦੂਰਾਂ ਦੇ ਨਾਲ ਕਾਮਰੇਡ ਖੜ੍ਹੇ ਹੋ ਜਾਂਦੇ ਤਾਂ ਉਨ੍ਹਾਂ ਦੀ ਬੱਲੇ-ਬੱਲੇ ਹੋ ਜਾਂਦੀ। ਮਜ਼ਦੂਰਾਂ ਨੂੰ ਕਾਮਰੇਡ 'ਤੇ ਮਾਣ ਸੀ। ਉਸ ਮਾਣ ਨੂੰ ਤੋੜ ਦਿੱਤਾ ਹੈ, ਬੈਠੇ ਰਹੋ ਆਰਾਮ ਨਾਲ।

## ਸਜ-ਵਿਆਹੀ ਅਤੇ ਵੀਹ ਕਿੱਲੋ ਸਾਬਣ



-ਜਗਦੀਸ਼ ਕੌਰ ਮਾਨ-

ਮੇਰੇ ਸਹੁਰੇ ਘਰ ਐਰੋ-ਐਰ ਮਿਲਦਿਆਂ ਇੱਕ ਨਵਾਂ ਵਿਆਹਿਆਂ ਜੋੜਾ ਮਿਲਣ ਆ ਗਿਆ। ਘਰ ਵਿੱਚ ਉਨ੍ਹਾਂ ਦੋਹਾਂ ਜੀਆਂ ਨੂੰ ਕੋਈ ਨਹੀਂ ਸੀ ਜਾਣਦਾ, ਇਸ ਲਈ ਸਾਰੇ ਉਨ੍ਹਾਂ ਦੇ ਚਿਹਰਿਆਂ ਵੱਲ ਬਿੱਟ ਬਿੱਟ ਤੱਕ ਰਹੇ ਸਨ। ਮੇਰੇ ਜੇਠ ਦੀਆਂ ਨਿੱਕੀਆਂ ਕੁੜੀਆਂ ਸਜ-ਵਿਆਹੀ ਵਹੁਟੀ ਦੇ ਲਾਲ ਚੂੜੇ ਅਤੇ ਸੋਹਣੇ ਕੱਪੜੇ ਤੇ ਗਹਿਣਿਆਂ ਵੱਲ ਤੱਕ ਕੇ ਖੁਸ਼ ਹੋ ਰਹੀਆਂ ਸਨ। ਉਨ੍ਹਾਂ ਨੂੰ ਪਾਣੀ-ਧਾਣੀ ਫੜਾ ਕੇ ਮੇਰੀ ਜੇਠਾਣੀ ਨੇ ਪੁੱਛਿਆ, ''ਮੈਂ ਤਾਂ ਭਾਈ ਕੁੜੀਏ ਤੈਨੂੰ ਸਿਆਣਿਆ ਨ੍ਹੀਂ! ਕੀਹਦੀ ਕੁੜੀ ਏਂ ਤੂੰ?''

''ਬੀਬੀ ਜੀ, ਮੈਂ ਆਪਣੇ ਸਹੁਰਿਆਂ ਦੀ ਰਿਸ਼ਤੇਦਾਰੀ ਵਿੱਚੋ ਤੁਹਾਡੀ ਰਿਸ਼ਤੇਦਾਰ ਹਾਂ।'' ਉਸ ਕੁੜੀ ਨੇ ਮੁਸਕਰਾਹਟ ਬਿਖੇਰਦੀ ਨੇ ਉੱਤਰ ਦਿੱਤਾ।

''ਫੇਰ ਵੀ ਰਿਸ਼ਤੇਦਾਰੀ ਸਮਝਾਉਣ ਦੀ ਜ਼ਰਾ ਖੇਚਲ ਕਰੋਗੇ?'' ਮੇਰੀ ਜਠਾਣੀ ਦੀ ਅਜੇ ਤਸੱਲੀ ਨਹੀਂ ਸੀ ਹੋਈ। ਇਸ ਵਾਰੀ ਕੁੜੀ ਦੀ ਜਗ੍ਹਾ ਸੰਧੂਰੀ ਪੱਗ ਵਾਲਾ ਮੁੰਡਾ ਉਹ ਨੂੰ ਵਲੇਵੇਂਦਾਰ ਰਿਸ਼ਤੇਦਾਰੀ ਸਮਝਾਉਣ ਲੱਗ ਪਿਆ ਅਤੇ ਉਲਝੇ ਧਾਗੇ ਸੁਲਝਾਉਣ ਵਾਂਗ ਗੋਲ-ਗਲੂੰਡੀਆਂ ਕੱਢਣ ਪਿੱਛੋਂ ਮਸਾਂ ਵਿਚਾਰੀ ਨੂੰ ਰਿਸ਼ਤੇਦਾਰੀ ਦੀ ਸਮਝ ਲੱਗੀ। ਜੇਠਾਣੀ ਦੇ ਪੇਕਿਆਂ ਨਾਲ ਉਨ੍ਹਾਂ ਦੀ ਕੋਈ ਦੂਰ ਦੀ ਰਿਸ਼ਤੇਦਾਰੀ ਸੀ।

ਵਧੀਆ ਰੋਟੀ ਪਾਣੀ ਖਵਾਇਆ ਅਤੇ ਉਨ੍ਹਾਂ ਦੇ ਸੌਣ ਕਮਰੇ ਦਾ ਪ੍ਰਬੰਧ ਕੀਤਾ। ਸੌਣ ਤੋਂ ਪਹਿਲਾਂ ਪਹਿਲਾਂ ਸਾਰਾ ਪਰਵਾਰ ਉਸ ਜੋੜੇ ਨਾਲ ਘੁਲ ਮਿਲ ਗਿਆ ਸੀ। ਕੰਮ ਧੰਦਾ ਨਿਬੇੜ ਕੇ ਘਰ ਦੀਆਂ ਸੁਆਣੀਆਂ ਅਤੇ ਨਿੱਕੀਆਂ ਕੁੜੀਆਂ ਵਹੁਟੀ ਦੁਆਲੇ ਬੈਠ ਕੇ ਗੱਲਾਂ ਮਾਰਨ- 'ਵਿਆਹ ਦੇ ਦਿਨ ਧਰੇ ਹੋਏ ਸਨ। ਮਸਾਂ ਵੀਹ ਦਿਨ ਰਹਿੰਦੇ ਸਨ। ਗੱਲਾਂ ਕਰਦਿਆਂ ਵਿਚੇ ਹੀ ਸਾਡੇ ਵਿਆਹ ਦੀ ਗੱਲ ਚੱਲ ਪਈ।' ਮੇਰੀ ਜਠਾਣੀ ਨੇ ਉਸ ਕੁੜੀ ਨੂੰ ਚਾਅ ਨਾਲ ਦੱਸਿਆ। ''ਅੱਛਾ! ਕਿਹੜੇ ਪਿੰਡ ਢੁੱਕਣੈ?'' ਕੁੜੀ ਚਹਿਕਦੀ ਹੋਈ ਬੋਲੀ।

''ਪਿੰਡ ਨਹੀਂ ਸ਼ਹਿਰ ਢੁੱਕਣੈ, ਜਗਰਾਵੀ।'' ਮੇਰੀ ਨਣਦ ਨੇ ਦੱਸਿਆ।

''ਤੁਸੀਂ ਕੁੜੀ ਦਾ ਨਾਮ ਤੇ ਉਸ ਦਾ ਪਿਤਾ ਦਾ ਨਾਮ ਦੱਸੋ, ਮੈਂ ਜਗਰਾਉਂ ਕਾਲਜ ਵਿੱਚ ਪੜ੍ਹਦੀ ਰਹੀ ਆ, ਮੈਂ ਤਾਂ ਜਗਰਾਉਂ ਦੀਆਂ ਸਾਰੀਆਂ ਕੁੜੀਆਂ ਨੂੰ ਜਾਣਦੀ ਆਂ।''

''ਕੁੜੀ ਦਾ ਨਾਮ ਜਗਦੀਸ਼ ਐ ਤੇ ਉਸ ਦੇ ਡੈਡੀ ਦਾ ਨਾਮ ਹਰੀ ਸਿੰਘ ਏ।'' ਮੇਰੀ ਛੋਟੀ ਜਠਾਣੀ ਨੇ ਨਾਮ ਦੱਸਣ ਦੇ ਨਾਲ ਹੀ ਸਾਡਾ ਗੱਲੀ ਮੁਹੱਲਾ ਵੀ ਦੱਸ ਦਿੱਤਾ।

''ਲੈ.. ਵਾਹ ਬਈ ਵਾਹ! ਆਪਣੀ ਇੱਕ ਸਕੀਰੀ ਹੋਰ ਨਿਕਲ ਆਈ, ਉਹ ਤਾਂ ਸਾਡੇ ਖਾਸ ਬੰਦੇ ਨੇ। ਉਸ ਪਰਵਾਰ ਨਾਲ ਤਾਂ ਸਾਡੇ ਘਰੇਲੂ ਸਬੰਧ ਨੇ।'' ਉਹ ਦੁਪਹਿਰ ਖਿੜੀ ਦੇ ਫੁੱਲਾਂ ਵਾਂਗ ਖਿੜ ਗਈ ਸੀ।

''ਫੇਰ ਤਾਂ ਕੁਲਵੰਤ, ਤੈਨੂੰ ਸਾਰਾ ਪਤਾ ਹੋਊ, ਬਈ ਕੁੜੀ ਦਾ ਸੁਭਾਅ ਕਿਹੋ ਜਿਹਾ ਏ? ਸਾਡੇ ਘਰ ਵਿੱਚ ਪਹਿਲਾਂ ਏਨੀ ਪੜ੍ਹੀ ਲਿਖੀ ਬਹੂ ਨ੍ਹੀਂ ਆਈ। ਅਸੀਂ ਭਾਈ ਡਰਦੇ ਆਂ।'' ਜਠਾਣੀ ਮੇਰੇ ਬਾਰੇ ਵਿਸਥਾਰ ਨਾਲ ਜਾਣਨਾ ਚਾਹੁੰਦੀ ਸੀ।

''ਨਹੀਂ ਬੀਬੀ ਜੀ, ਡਰਨ ਵਾਲੀ ਕੋਈ ਗੱਲ ਨ੍ਹੀਂ, ਸੁਭਾਅ ਦੀ ਵਧੀਆ ਏ ਪਰ ਨਘੋਚਣ ਬਹੁਤੀ ਏ, ਸਾਫ਼ ਸਫ਼ਾਈ ਰੱਖਣ ਵਾਲੀ ਕੁੜੀ ਏ।'' ਫੇਰ ਉਹਨੇ ਮਜ਼ਾਹੀਆ ਅੰਦਾਜ਼ ਵਿੱਚ ਦੱਸਿਆ, ''ਤੁਸੀਂ ਐਂ ਕਰਿਉ, ਵਿਆਹ ਤੋਂ ਪਹਿਲਾਂ ਵੀਹ ਪੱਚੀ ਕਿਲੋ ਸਾਬਣ ਦਾ ਪ੍ਰਬੰਧ ਕਰਕੇ ਰੱਖਿਉ, ਉਹ ਤਾਂ ਵੀਹਾਂ ਮਿੰਟਾਂ ਵਿੱਚ ਦਸ ਵਾਰੀ ਹੱਥ ਧੋਂਦੀ ਏ।''

''ਚੱਲ ਕੋਈ ਨਾ ਭਾਈ! ਵਾਹਵਾ ਸਾਰਾ ਸਾਬਣ ਲਿਆ ਕੇ ਰੱਖ ਦਿਆ ਕਰਾਂਗੇ, ਧੋਈ ਜਾਵੇ ਹੱਥ ਜਿੰਨੇ ਵਾਰੀ ਮਰਜ਼ੀ।'' ਉਹ ਜੋੜੀ ਤਾਂ ਦੂਜੇ ਦਿਨ ਸਾਝਰੇ ਤੁਰ ਗਈ, ਪਰ ਸਾਡੇ ਘਰ ਸਾਡੇ ਵਿਆਹ ਤੋਂ ਬਾਅਦ ਵੀ ਉਨ੍ਹਾਂ ਦੀਆਂ ਇਹ ਗੱਲਾਂ ਚੱਲਦੀਆਂ ਰਹੀਆਂ। ਜਦੋਂ ਵੀ ਘਰ ਦੀਆਂ ਸੁਆਣੀਆਂ ਨੇ ਮੇਰੇ ਕੋਲ ਆਉਣਾ, ਪਹਿਲਾਂ ਇਹੋ ਟਿੱਚਰ ਕਰਨੀ, ''ਓ ਸੁਣਾ ਬਈ! ਦਿਨ ਵਾਹਵਾ ਚੜ੍ਹ ਗਿਐ, ਸਵੇਰ ਦੀ ਉਠੀ ਨੇ ਕਿੰਨੀ ਕੁ ਵਾਰੀ ਸਾਬਣ ਘਸਾ ਦਿੱਤਾ। ਕੁਲਵੰਤ ਕਹਿੰਦੀ ਸੀ, ਉਹ ਵੀਹਾਂ ਮਿੰਟਾਂ ਵਿੱਚ ਦਸ ਵਾਰੀ ਸਾਬਣ ਨਾਲ ਹੱਥ ਧੋਂਦੀ ਐ।'' ਘਰ ਵਿੱਚ ਸਾਰਾ ਦਿਨ ਹਾਸਾ ਮਜ਼ਾਕ ਚਲਦਾ ਰਹਿੰਦਾ।

ਜਦੋਂ ਦਾ ਕੋਰੋਨਾ ਵਾਇਰਸ ਫੈਲਿਆ ਏ, ਰੇਡੀਓ, ਟੀ ਵੀ, ਅਖ਼ਬਾਰ, ਮੋਬਾਇਲ ਦੀ ਰਿੰਗਟੋਨ ਵਾਰ ਵਾਰ ਬਿਮਾਰੀ ਤੋਂ ਬਚਣ ਲਈ ਚਿਤਾਵਨੀ ਦਿੰਦੇ ਹਨ, 'ਘਰਾਂ ਦੇ ਅੰਦਰ ਰਹੋ ਤੇ ਵਾਰ ਵਾਰ ਸਾਬਣ ਨਾਲ ਹੱਥ ਧੋਵੋ' ਤਾਂ ਮੈਨੂੰ ਆਪਣੀ ਵਾਰ ਵਾਰ ਹੱਥ ਧੋਣ ਦੀ ਆਦਤ 'ਤੇ ਮਾਣ ਮਹਿਸੂਸ ਹੋ ਰਿਹਾ ਹੈ।

## ਇਸ ਤੋਂ ਅੱਗੇ ਮੈਂ (ਸਿਵਿਆਂ ਦੇ ਰਾਹ ਉੱਤੇ) 'ਕੱਲਾ ਜਾਊਂਗਾ...

-ਪ੍ਰੋ. ਗੁਰਦੇਵ ਸਿੰਘ ਜੌਹਲ

ਸ਼ਿੰਗਾਰੇ ਦਾ ਸਾਰਾ ਪਰਵਾਰ ਅਮਰੀਕਾ ਚਲੇ ਗਿਆ ਸੀ ਅਤੇ ਉਹ ਵੀ। ਉਥੇ ਉਹਨੂੰ ਥੋੜ੍ਹਾ-ਬਾਹਲਾ ਕੰਮ ਤਾਂ ਕਰਨਾ ਪੈਂਦਾ ਸੀ, ਪਰ ਉਸ ਦਾ ਦਿਲ ਨਹੀਂ ਸੀ ਲੱਗਦਾ। ਇਸ ਲਈ ਉਹ ਸਾਲ 'ਚ ਦੋ-ਚਾਰ ਮਹੀਨੇ ਲਈ ਇੰਡੀਆ ਆ ਜਾਂਦਾ। ਉਹ ਕਾਮਰੇਡ ਸੀ, ਪਾਰਟੀ ਦਾ ਕਾਰਡ ਹੋਲਡਰ ਸੀ। ਕਿਸੇ ਸਮੇਂ ਉਹ ਉਚੀ ਅੱਡੀ ਵਾਲੇ ਕਾਮਰੇਡ ਦਾ ਸਮਰਥਕ ਸੀ, ਪਰ ਫਿਰ ਕਿਸੇ ਹੋਰ ਪਾਸੇ ਝੁਕ ਗਿਆ ਸੀ। ਇੱਕ ਵਾਰੀ ਉਸ ਨੇ ਪਾਰਟੀ ਵੱਲੋਂ ਨਕੋਦਰ ਤੋਂ ਅਸੈਂਬਲੀ ਚੋਣ ਵੀ ਲੜੀ, ਭਾਵੇਂ ਸਫਲ ਨਹੀਂ ਸੀ ਹੋ ਸਕਿਆ। ਸ਼ਾਇਦ ਜ਼ਮਾਨਤ ਵੀ ਜ਼ਬਤ ਹੋ ਗਈ ਸੀ। ਜਦ ਕਦੀ ਵੀ ਇੰਡੀਆ ਆਪਣੇ ਪਿੰਡ ਆਇਆ ਹੁੰਦਾ ਤਾਂ ਪਾਰਟੀ ਵਾਲੇ ਉਸ ਦੇ ਯਾਰ ਮਿੱਤਰ ਉਸ ਦੇ ਪਿੰਡ ਆਉਂਦੇ ਜਾਂਦੇ ਰਹਿੰਦੇ। ਹਵੇਲੀ ਵਿੱਚ ਮੇਲਾ ਲੱਗਿਆ ਰਹਿੰਦਾ।

ਇਸ ਵਾਰੀ ਉਹ ਪਿੰਡ ਆਇਆ ਹੋਇਆ ਸੀ। ਸਾਨੂੰ ਨਹੀਂ ਸੀ ਪਤਾ। ਇੱਕ ਦਿਨ ਸਵੇਰੇ ਸਵੇਰੇ ਜੱਗੀ ਦਾ ਫੋਨ ਆ ਗਿਆ ਕਿ ਸ਼ਿੰਗਾਰਾ ਭਾਅ ਜੀ ਪੂਰਾ ਹੋ ਗਿਆ ਹੈ। ਪਿੰਡ ਆਇਆ ਹੋਇਆ ਸੀ। ਸ਼ਿੰਗਾਰਾ ਜੱਗੀ ਦੀ ਪਤਨੀ ਦਾ ਭਰਾ ਸੀ। ਸ਼ਿੰਗਾਰੇ ਦੇ ਰੁਖ਼ਸਤ ਹੋਣ ਦੀ ਖਬਰ ਤੇ ਸਸਕਾਰ ਦਾ ਦਿਨ ਤੇ ਸਮੇਂ ਬਾਰੇ ਖਬਰ ਤਕਰੀਬਨ ਸਾਰੀਆਂ ਪੰਜਾਬੀ ਅਖਬਾਰਾਂ ਵਿੱਚ ਲੱਗ ਗਈ ਸੀ। ਅਸੀਂ ਸਸਕਾਰ ਦਾ ਸਮਾਂ 11 ਵਜੇ ਮਿੱਥ ਕੇ ਸਾਢੇ ਕੁ ਨੌਂ ਵਜੇ ਜਲੰਧਰੋਂ ਚੱਲ ਪਏ।

ਉਥੇ ਸਾਰਾ ਪਿੰਡ, ਦੋਸਤ-ਮਿੱਤਰ, ਰਿਸ਼ਤੇਦਾਰ ਤੇ ਪਾਰਟੀ ਵਰਕਰ 'ਕੱਠੇ ਹੋਏ ਸਨ। ਬੰਦੇ ਇੱਕ ਪਾਸੇ ਸਨ ਅਤੇ ਤੀਵੀਆਂ ਦੂਜੇ ਪਾਸੇ ਬੈਠੀਆਂ ਸਨ। ਉਥੇ ਜਾ ਕੇ ਪਤਾ ਲੱਗਾ ਕਿ ਸਸਕਾਰ ਇੱਕ ਵਜੇ ਹੋਏਗਾ। ਗਰਮੀ ਅੱਤ ਦੀ ਸੀ। ਪਾਣੀ ਪੀ ਪੀ ਕੇ ਪੇਟ ਭਰ ਗਿਆ। ਜੱਗੀ ਨੇ ਵੀ ਟਾਈਮ ਦੀ ਤਬਦੀਲੀ ਬਾਰੇ ਕੋਈ ਖਬਰ ਨਹੀਂ ਸੀ ਦਿੱਤੀ। ਖੈਰ! ਇੱਕ ਵੱਜਣ ਤੋਂ 15 ਕੁ ਮਿੰਟ ਪਹਿਲਾਂ ਲਾਲ ਝੰਡਿਆਂ ਵਾਲੇ ਮੋਟਰ ਸਾਈਕਲ ਸਵਾਰ ਬਹੁਤ ਸਾਰੇ ਮੁੰਡੇ ਨਾਅਰੇ ਲਾਉਂਦੇ ਆਏ। ਪਿੱਛੇ ਸ਼ਿੰਗਾਰੇ ਦੀ ਮ੍ਰਿਤਕ ਦੇਹ ਇੱਕ ਖੁੱਲ੍ਹੀ ਗੱਡੀ 'ਚ ਰੱਖੀ ਹੋਈ ਸੀ। ਦੋ-ਤਿੰਨ ਨਾਅਰੇ ਵਾਰ ਵਾਰ ਲੱਗ ਰਹੇ ਸਨ। 'ਕਾਮਰੇਡ ਸ਼ਿੰਗਾਰਾ ਸਿੰਘ, ਅਮਰ ਰਹੇ'। 'ਸ਼ਿੰਗਾਰਾ ਸਿੰਘ ਤੇਰੀ ਸੋਚ 'ਤੇ, ਪਹਿਰਾ ਦੇਵਾਂਗੇ ਠੋਕ ਕੇ।'

ਸ਼ਿੰਗਾਰੇ ਦੇ ਆਖਰੀ ਸਫਰ ਦੀ ਤਿਆਰੀ ਹੋਣ ਲੱਗ ਪਈ। ਅੱਜ ਤੋਂ ਬਾਅਦ ਨਾ ਉਸ ਨੇ ਮੁੜ ਕੇ ਪਿੰਡ ਆਉਣਾ ਸੀ ਅਤੇ ਨਾ ਮੁੜ ਕੇ ਅਮਰੀਕਾ ਜਾਣਾ ਸੀ। ਸਾਰੇ ਦੋਸਤਾਂ ਮਿੱਤਰਾਂ ਦੇ ਦਿਲ, ਮਨ ਮਸੋਸੇ ਹੋਏ ਸਨ। ਪਰਵਾਰ ਦੇ ਮੈਂਬਰਾਂ ਨੂੰ ਰੋਂਦਿਆਂ ਦੇਖਿਆ ਨਹੀਂ ਸੀ ਜਾ ਰਿਹਾ। ਫਿਰ ਵੀ ਉਹ ਪਰਵਾਰ ਦਾ ਮੁਖੀ ਸੀ। ਪਾਰਟੀ ਨੂੰ ਤਾਂ ਜਿਹੜਾ ਘਾਟਾ ਪਿਆ, ਉਹ ਪੂਰਾ ਨਹੀਂ ਸੀ ਹੋਣ ਵਾਲਾ, ਪਰ ਪਰਵਾਰ ਦੇ ਮੈਂਬਰਾਂ ਨੂੰ ਸੇਧ ਦੇਣ ਵਾਲਾ ਵੀ ਨਹੀਂ ਰਿਹਾ ਸੀ। ਭਾਵੇਂ ਤੁਰ ਜਾਣ ਵਾਲੇ ਦੇ ਨਾਲ ਨਹੀਂ ਜਾਇਆ ਜਾ ਸਕਦਾ ਅਤੇ ਇਹ ਵੀ ਸਭ ਨੂੰ ਪਤਾ ਹੈ ਕਿ ਹਰ ਇੱਕ ਬੰਦੇ ਦੇ ਪਰਵਾਰ ਦੇ ਮੈਂਬਰ, ਦੋਸਤ-ਮਿੱਤਰ, ਰਿਸ਼ਤੇਦਾਰ ਇੱਕ ਇੱਕ ਕਰ ਕੇ ਤੁਰੇ ਜਾ ਰਹੇ ਹਨ। ਸ਼ਿੰਗਾਰੇ ਦੀ ਅੰਤਿਮ ਯਾਤਰਾ ਸ਼ੁਰੂ ਹੋ ਗਈ। ਬੰਦੇ ਅਰਥੀ ਮਗਰ ਅਤੇ ਔਰਤਾਂ ਉਨ੍ਹਾਂ ਦੇ ਪਿੱਛੇ। ਕਹਿਰ ਦੀ ਗਰਮੀ ਅਤੇ ਸਿਖਰ ਦੁਪਹਿਰੇ ਪੈਰ ਨਹੀਂ ਸੀ ਪੁੱਟਿਆ ਜਾਂਦਾ। ਸਾਨੂੰ ਨਹੀਂ ਸੀ ਪਤਾ ਕਿ ਸਿਵੇ ਕਿੰਨੀ ਕੁ ਦੂਰ ਹਨ। ਇੱਕ-ਦੋ ਨੂੰ ਪੁੱਛਿਆ ਵੀ ਤਾਂ ਉਹ ਕਹਿੰਦੇ, ''ਬੱਸ ਪਿੰਡੋਂ ਬਾਹਰ ਨਿਕਲ ਕੇ ਨੇੜੇ ਈ ਹਨ। ਖੇਤਾਂ 'ਚ ਬਹੁਤੇ ਲੋਕ ਤਾਂ ਇੱਕ ਵਜੇ ਦੇ ਹਿਸਾਬ ਨਾਲ ਆਏ ਸਨ।''



ਸਿਵਿਆਂ ਵੱਲ ਨੂੰ ਤੁਰੇ ਜਾਂਦੇ ਲੋਕ ਆਪੋ ਵਿਚੀ ਸ਼ਿੰਗਾਰੇ ਦੀਆਂ ਹੀ ਗੱਲਾਂ ਕਰਦੇ ਸਨ ਕਿ ਇਹ ਹਰ ਬੰਦੇ ਦੇ ਦੁੱਖ-ਸੁੱਖ 'ਚ ਸ਼ਾਮਲ ਹੁੰਦਾ ਸੀ। ਕਿਤੇ ਤਹਿਸੀਲੇ ਜਾਂ ਕਚਹਿਰੀ ਜਾਣਾ ਹੋਵੇ, ਕਦੇ ਨਾਂਹ ਨਹੀਂ ਸੀ ਕਰਦਾ। ਹਰ ਅੜੇ-ਥੁੜ੍ਹੇ ਦੀ ਮਦਦ ਕਰਦਾ ਸੀ। ਜਦੋਂ ਅਮਰੀਕਾ ਤੋਂ ਆਉਂਦਾ ਤਾਂ ਹਰ ਕੋਈ ਉਸ ਨੂੰ ਮਿਲਣ ਜਾਂਦਾ। ਬੜੀ ਸੇਵਾ ਕਰਦਾ ਸੀ। ਮਜ਼ਦੂਰ ਜਮਾਤ ਦੇ ਹਰ ਦੁੱਖ ਸੁੱਖ ਵੇਲੇ ਸਹਾਈ ਹੁੰਦਾ। ਏਨਾ ਖੁੱਲ੍ਹਦਿਲਾ ਕਿ ਮਦਦ ਮੰਗਣ ਵਾਲਾ ਜ਼ਰਾ ਵੀ ਝਿਜਕਦਾ ਨਹੀਂ ਸੀ। ਆਪਣੇ ਭੈਣ-ਭਰਾਵਾਂ ਲਈ ਮਾਂ ਦੇ ਥਾਂ ਵੀ ਉਹੀ ਤੇ ਪਿਓ ਦੇ ਥਾਂ ਵੀ ਉਹੀ। ਪਿੰਡ ਦਾ ਕੋਈ ਮਸਲਾ ਹੋਵੇ, ਉਹਦੀ ਹਾਜ਼ਰੀ ਵਿੱਚ ਰਾਜ਼ੀਨਾਮਾ ਹੁੰਦਾ। ਉਹਦੇ ਹੁੰਦਿਆਂ ਕਦੇ ਪੁਲਸ ਪਿੰਡ ਵੜੀ ਨਹੀਂ ਸੀ। ਗਰੀਬ-ਗੁਰਬੇ ਆਪਣੀਆਂ ਲੋੜਾਂ-ਗਰਜਾਂ ਦੀ ਪੂਰਤੀ ਲਈ ਉਹਦੇ ਮੂੰਹ ਵੱਲ ਦੇਖਦੇ ਅਤੇ ਉਹ ਕਹਿੰਦਾ, ''ਤੁਸੀਂ ਮੂੰਹ ਕਿਉਂ ਲਟਕਾਇਆ ਹੈ, ਜਦ ਤੱਕ ਮੈਂ ਹਾਂ, ਕੋਈ ਚਿੰਤਾ ਨਾ ਕਰੇ। 'ਨ੍ਹੇਰੇ ਸਵੇਰੇ ਜਦੋਂ ਮਰਜ਼ੀ ਆ ਜਾਇਓ।'' ਕਈ ਵਾਰੀ ਉਹਨੂੰ ਦੁੱਖ ਵੀ ਹੁੰਦਾ ਕਿ ਜਦੋਂ ਭੱਠੇ ਵਾਲੇ ਮਜ਼ਦੂਰ ਜਾਂ ਖੇਤ ਮਜ਼ਦੂਰ ਲਾਲ ਝੰਡੇ ਵਾਲੇ ਨੌਜਵਾਨ ਕਿਤੇ ਮੁਜ਼ਾਹਰਾ ਕਰਨ ਜਾਂਦੇ ਤਾਂ ਉਨ੍ਹਾਂ ਦੀ ਗਿਣਤੀ ਸੈਂਕੜਿਆਂ-ਹਜ਼ਾਰਾਂ ਵਿੱਚ ਹੁੰਦੀ, ਪਰ ਜਦੋਂ ਵੋਟਾਂ ਪੈਂਦੀਆਂ ਤਾਂ ਪਤਾ ਨਹੀਂ ਇਹ ਲੋਕ ਕਿੱਥੇ ਚਲੇ ਜਾਂਦੇ। 'ਮੇਰੀ ਪਾਰਟੀ ਦੇ ਲੋਕ ਅਸੈਂਬਲੀ ਤੱਕ ਕਿਉਂ ਨਹੀਂ ਪਹੁੰਚਦੇ? ਉਸ ਨੂੰ ਮੂਲ ਕਮਿਊਨਿਸਟ ਪਾਰਟੀ ਦਾ ਟੁੱਟ ਕੇ ਕਈ ਪਾਰਟੀਆਂ 'ਚ ਬਦਲ ਜਾਣਾ ਦੁੱਖ ਦਿੰਦਾ। ਉਹ ਕਹਿੰਦਾ, ''ਪਤਾ ਸਭ ਨੂੰ ਹੈ ਕਿ ਏਕੇ 'ਚ ਬਰਕਤ ਹੈ ਅਤੇ ਅਸੀਂ 'ਕੱਠੇ ਰਹਿ ਕੇ ਲੋਕ ਘੋਲ 'ਚ ਕਾਮਯਾਬ ਹੋ ਸਕਦੇ ਹਾਂ। ਫਿਰ ਇਹ ਗੱਲਾਂ ਸਭ ਲੋਕੀਂ ਕਿਉਂ ਭੁੱਲ ਜਾਂਦੇ ਹਨ। ਸ਼ਿੰਗਾਰੇ ਦੇ ਬਹੁਤੇ ਰਿਸ਼ਤੇਦਾਰ ਵੀ ਕਾਮਰੇਡ ਹੀ ਸਨ। ਉਸ ਦਾ ਸੁਫਨਾ ਸੀ ਕਿ ਮੇਰਾ ਪਿੰਡ ਸ਼ਹਿਰ ਦੇ ਨੇੜੇ ਹੋਣ ਕਰ ਕੇ ਸ਼ਹਿਰ ਵਾਲੀਆਂ ਸਾਰੀਆਂ ਸੁੱਖ-ਸਹੂਲਤਾਂ ਮੇਰੇ ਪਿੰਡ ਦੇ ਲੋਕਾਂ ਨੂੰ ਵੀ ਮਿਲਣ। ਉਸ ਨੂੰ ਪਤਾ ਸੀ ਕਿ ਕਈ ਪੰਚ-ਸਰਪੰਚ ਬਣ ਕੇ ਵਸਣ ਸ਼ਹਿਰ ਵਿੱਚ ਲੱਗ ਪੈਂਦੇ ਹਨ। ਜਿਹਨੂੰ ਲੋੜ ਹੋਊ ਆਪੇ ਸ਼ਹਿਰ ਸੰਪਰਕ ਕਰੂ।''

ਅਰਥੀ ਮਗਰ ਜਾ ਰਹੀ ਭੀੜ 'ਚ ਕਈ ਲੋਕ ਸਤਿਨਾਮ-ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਕਈ ਚੁੱਪ ਚੁਪੀਤੇ ਚੱਲ ਰਹੇ ਸਨ। ਕਿਸੇ ਕਿਸੇ ਦੇ ਮੋਬਾਈਲ ਦੀ ਘੰਟੀ ਵੀ ਵੱਜਣ ਲੱਗ ਪੈਂਦੀ। ਕੁਝ ਤਾਂ ਘੰਟੀ ਬੰਦ ਕਰ ਦਿੰਦੇ, ਪਰ ਇੱਕਾ-ਦੁੱਕਾ ਸੁਣ ਲੈਂਦੇ ਅਤੇ ਲੇਟ ਹੋਣ ਦਾ ਕਾਰਨ ਦੱਸਦੇ ਕਿ ਦਾਗ਼ ਦਾ ਸਮਾਂ ਬਦਲ ਗਿਆ ਸੀ। ਕਿਸੇ ਕਿਸੇ ਨੂੰ ਆਪਣੇ ਪਰਵਾਰ ਦੇ ਰੁਖ਼ਸਤ ਹੋਏ ਮੈਂਬਰ, ਤੁਰ ਗਏ ਯਾਰ ਮਿੱਤਰ ਵੀ ਯਾਦ ਆਉਣ ਲੱਗੇ। ਕਈ ਵਡੇਰੀ ਉਮਰ ਦੇ ਸ਼ਿੰਗਾਰੇ ਦੇ ਬੱਚਿਆਂ ਨੂੰ ਭਾਣਾ ਮੰਨਣ ਲਈ ਕਹਿੰਦੇ। ਮੈਂ ਵੀ ਪਲ ਭਰ ਲਈ ਵਿਛੋੜਾ ਦੇ ਗਏ ਆਪਣੇ ਮਾਂ-ਪਿਓ, ਭਰਾਵਾਂ, ਭੈਣ-ਜੀਜੇ ਨੂੰ ਯਾਦ ਕੀਤਾ। ਆਪਣੀ ਮਾਂ ਦੇ ਆਖਰੀ ਸਫਰ 'ਚ ਮੈਂ ਸ਼ਾਮਲ ਨਹੀਂ ਸੀ ਹੋ ਸਕਿਆ। ਬਾਪ ਨੇ ਮੇਰੇ ਕੋਲ ਰਹਿੰਦਿਆਂ ਆਖਰੀ ਸਾਹ ਲਿਆ ਸੀ। ਮੈਂ ਆਪਣੇ ਬਾਪ ਨੂੰ ਦਮ ਤੋੜਦੇ ਦੇਖਿਆ। ਬਾਕੀ ਪਰਦੇਸਾਂ 'ਚ ਹੀ ਪੂਰੇ ਹੋ ਗਏ।

ਰਾਹ 'ਚ ਅਰਥੀ ਨੂੰ ਮੋਢਾ ਦੇ ਰਹੇ ਲੋਕਾਂ ਨੂੰ ਸਾਰੇ ਵਾਰੀ-ਵਾਰੀ ਸਾਹ ਦੁਆ ਰਹੇ ਸਨ। ਸ਼ਮਸ਼ਾਨਘਾਟ ਦਾ ਪ੍ਰਵੇਸ਼ ਦੁਆਰ ਆ ਗਿਆ ਸੀ। ਇਹ ਪਹਿਲੀ ਵਾਰ ਸੀ ਜਦ ਮੈਂ ਪ੍ਰਵੇਸ਼ ਦੁਆਰ ਦੇ ਉਪਰ ਲੱਗਾ ਬੋਰਡ ਪੜ੍ਹਿਆ। ਮੋਟਾ ਅੱਖਰਾਂ 'ਚ ਲਿਖਿਆ ਸੀ, ''ਇਸ ਤੋਂ ਅੱਗੇ ਮੈਂ 'ਕੱਲਾ ਜਾਵਾਂਗਾ।'' ਇਹ ਬਿਲਕੁਲ ਸਹੀ ਸੀ। ਇੰਝ ਲੱਗਦਾ ਸੀ ਜਿਵੇਂ ਇਹ ਸ਼ਿੰਗਾਰਾ ਹੀ ਬੋਲ ਰਿਹਾ ਸੀ। ਅਗਲੀ ਦੁਨੀਆ ਚਲੇ ਗਏ ਬੰਦੇ ਨਾਲ ਕੋਈ ਨਹੀਂ ਜਾਂਦਾ।

## ਬਰੈੱਡ ਕਰੀਮ ਰੋਲ

ਸਮੱਗਰੀ-ਬਰੈੱਡ ਦੇ ਟੁਕੜੇ, ਚਾਰ, ਸੁੱਕੇ ਮੇਵੇ ਦੋ ਵੱਡੇ ਚਮਚ, ਮੱਖਣ ਇੱਕ ਛੋਟਾ ਚਮਚ, ਦੁੱਧ 1/4 ਕੱਪ, ਮਲਾਈ ਦੋ ਵੱਡੇ ਚਮਚ, ਦੁੱਧ ਪਾਊਡਰ ਅੱਧਾ ਕੱਪ।

ਮਲਾਈ ਦੁੱਧ-ਦੁੱਧ ਇੱਕ ਕੱਪ, ਮਲਾਈ ਅੱਧਾ ਕੱਪ, ਖੰਡ 1/4 ਕੱਪ, ਇਲਾਇਚੀ ਪਾਊਡਰ 1/4 ਛੋਟਾ ਚਮਚ।

ਵਿਧੀ- ਮਾਵਾ ਮਿਸ਼ਰਣ ਬਣਾਉਣ ਦੇ ਲਈ ਪੈਨ ਵਿੱਚ ਮੱਖਣ, ਦੁੱਧ ਅਤੇ ਕ੍ਰੀਮ ਗਰਮ ਕਰੋ। ਇਸ ਨੂੰ ਹਿਲਾਉਂਦੇ ਹੋਏ ਪਕਾਓ। ਫਿਰ ਦੁੱਧ ਪਾਊਡਰ ਪਾ ਕੇ ਹਿਲਾਉਂਦੇ ਰਹੋ। ਗਾੜ੍ਹਾ ਅਤੇ ਚਿਕਨਾ ਹੋਣ ਤੱਕ ਇਸ ਨੂੰ ਪਕਾਓ। ਮਲਾਈ ਦੁੱਧ ਬਣਾਉਣ ਦੇ ਲਈ ਪੈਨ ਵਿੱਚ ਦੁੱਧ ਅਤੇ ਮਲਾਈ ਦੋ-ਤਿੰਨ ਮਿੰਟ ਤੱਕ ਹਿਲਾਉਂਦੇ ਹੋਏ ਉਬਾਲੋ। ਜਦ ਇਹ ਗਾੜ੍ਹਾ ਹੋ ਜਾਏ ਤਾਂ ਖੰਡ ਪਾ ਕੇ ਹਿਲਾਉਂਦੇ ਹੋਏ ਪਕਾਓ। ਇਲਾਇਚੀ ਪਾਊਡਰ ਪਾ ਕੇ ਮਿਲਾਓ ਅਤੇ ਗੈਸ ਬੰਦ ਕਰ ਦਿਓ। ਹੁਣ ਬਰੈੱਡ ਦੇ ਟੁਕੜਿਆਂ ਨੂੰ ਵੇਲਣੇ ਨਾਲ ਵੇਲ ਲਓ। ਚਾਕੂ ਨਾਲ ਕਿਨਾਰਾ ਕੱਟ ਲਓ। ਹਰ ਬਰੈਡ ਦੇ ਟੁਕੜੇ 'ਤੇ ਮਾਵਾ ਮਿਸ਼ਰਣ ਇੱਕੋ ਜਿਹਾ ਲਗਾਓ। ਉਪਰੋਂ ਸੁੱਕੇ ਮੇਵੇ ਲਗਾਓ ਅਤੇ ਫਿਰ ਬਰੈੱਡ ਨੂੰ ਰੋਲ ਕਰੋ। ਰੋਲ ਕਰ ਕੇ ਕਿਨਾਰਿਆਂ ਨੂੰ ਚੰਗੀ ਤਰ੍ਹਾਂ ਨਾਲ ਬੰਦ ਕਰੋ। ਇੱਕ ਡੂੰਘੀ ਪਲੇਟ ਵਿੱਚ ਇਨ੍ਹਾਂ ਰੋਲਸ ਨੂੰ ਰੱਖੋ ਅਤੇ ਉਪਰੋਂ ਮਲਾਈ ਦੁੱਧ ਪਾਓ। ਇੰਨਾ ਦੁੱਧ ਪਾਉਣਾ ਹੈ ਕਿ ਬਰੈੱਡ ਰੋਲਸ ਦਾ ਹੇਠਲਾ ਹਿੱਸਾ ਭਿੱਜ ਜਾਏ। ਕੁਝ ਘੰਟੇ ਫਰਿਜ ਵਿੱਚ ਰੱਖ ਕੇ ਠੰਢਾ ਕਰ ਲਓ। ਉਪਰੋਂ ਸੁੱਕੇ ਮੇਵੇ ਪਾ ਕੇ ਪਰੋਸੋ।



## ਕਰੀਮ ਜਾਮਣ

ਸਮੱਗਰੀ- ਖੋਇਆ (ਮਾਵਾ) 100 ਗਰਾਮ, ਗੁਲਾਬ ਜਾਮਣ 20, ਇਲਾਇਚੀ ਪਾਊਡਰ ਅੱਧਾ ਛੋਟਾ ਚਮਚ, ਦੁੱਧ ਪਾਊਡਰ 50 ਗਰਾਮ।

ਵਿਧੀ-ਖੋਇਆ, ਇਲਾਇਚੀ ਪਾਊਡਰ ਅਤੇ ਦੁੱਧ ਪਾਊਡਰ ਚੰਗੀ ਤਰ੍ਹਾਂ ਨਾਲ ਮਿਲਾ ਕੇ ਗੁੰਨ ਲਓ। ਗੁਲਾਬ ਜਾਮਣ ਨੂੰ ਚਾਕੂ ਨਾਲ ਦੋ ਹਿੱਸਿਆਂ ਵਿਚ ਕੱਟੋ। ਇੱਕ ਹਿੱਸੇ 'ਤੇ ਖੋਇਆ ਮਿਸ਼ਰਣ ਰੱਖੋ ਅਤੇ ਦੂਸਰਾ ਹਿੱਸਾ ਖੋਏ ਦੇ ਉਪਰ ਰੱਖੋ। ਇਸ ਦੇ ਇਲਾਵਾ ਗੁਲਾਬ ਜਾਮਣ ਵਿੱਚ ਚੀਰਾ ਲਗਾ ਕੇ ਵੀ ਖੋਇਆ ਭਰ ਸਕਦੇ ਹੋ।

# ਏਅਰਪੋਰਟ ਉੱਤੇ ਲੱਗੀ ਫੋਰਸ ਦੇ 18 ਜਵਾਨ ਇਨਫੈਕਟਿਡ



ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਭਾਰਤ ਦੇ ਪ੍ਰਮੁੱਖ ਏਅਰਪੋਰਟ, ਦਿੱਲੀ ਮੈਟਰੋ ਤੇ ਪ੍ਰਮੁੱਖ ਸਰਕਾਰੀ ਅਦਾਰਿਆਂ ਨੂੰ ਸੁਰੱਖਿਆ ਦੇਣ ਵਾਲੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ ਆਈ ਐਸ ਐਫ) ਵਿੱਚ ਵੀ ਕੋਰੋਨਾ ਦੇ ਸ਼ਿਕਾਰ ਹੋਣ ਵਾਲੇ ਜਵਾਨਾਂ ਦਾ ਗਿਣਤੀ 210 ਉੱਤੇ ਪਹੁੰਚ ਗਈ ਹੈ। ਬੀਤੇ 24 ਘੰਟਿਆਂ 'ਚ ਹੀ ਸੁਰੱਖਿਆ ਬਲ ਦੇ ਕੁੱਲ 20 ਜਵਾਨ ਕੋਰੋਨਾ ਪਾਜ਼ੇਟਿਵ ਮਿਲੇ ਹਨ, ਜਿਨ੍ਹਾਂ 'ਚੋਂ 18 ਰਾਜਧਾਨੀ ਦਿੱਲੀ ਦੇ ਆਈ ਜੀ ਆਈ ਏਅਰਪੋਰਟ ਯੂਨਿਟ 'ਤੇ ਤਾਇਨਾਤ ਸਨ। ਇਨ੍ਹਾਂ ਦੇ ਇਨਫੈਕਟਿਡ ਹੋਣ ਤੋਂ ਬਾਅਦ ਇਸ ਯੂਨਿਟ 'ਚ ਪ੍ਰਭਾਵਤਾਂ ਦੀ ਕੁੱਲ ਜਵਾਨਾਂ ਦੀ ਗਿਣਤੀ 21 ਹੋ ਗਈ ਹੈ। ਸਾਰੇ ਨਵੇਂ ਪ੍ਰਭਾਵਿਤਾਂ ਨੂੰ ਇਲਾਜ ਲਈ ਏਮਜ਼ 'ਚ ਦਾਖ਼ਲ ਕਰਵਾਇਆ ਗਿਆ ਹੈ।

ਇਸ ਸੰਬੰਧ ਵਿੱਚ ਸੀ ਆਈ ਐਸ ਐਫ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਾਰੇ 18 ਪ੍ਰਭਾਵਿਤ ਜਵਾਨ ਏਅਰਪੋਰਟ ਦੇ ਕਾਰਗੋ ਟਰਮੀਨਲ 'ਤੇ ਤਾਇਨਾਤ ਸਨ। ਸੀ ਆਈ ਐਸ ਐਫ ਤੋਂ ਇਲਾਵਾ ਅੱਜ ਤੱਕ ਸੀ ਆਰ ਪੀ ਐਫ ਦੇ 369 ਜਵਾਨ, ਬੀ ਐਫ ਐਫ ਦੇ 406 ਜਵਾਨ, ਆਈ ਟੀ ਬੀ ਪੀ ਦੇ 186 ਜਵਾਨ ਅਤੇ ਐਸ ਐਸ ਬੀ ਦੇ 30 ਜਵਾਨ ਇਨਫੈਕਟਿਡ ਹੋਏ ਹਨ ਅਤੇ ਕੁੱਲ 14 ਜਵਾਨਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ 'ਚੋਂ ਦੋ-ਦੋ ਸੀ ਆਰ ਪੀ ਐਫ ਅਤੇ ਬੀ ਐਸ ਐਫ ਅਤੇ 10 ਸੀ ਆਈ ਐਸ ਐਫ ਦੇ ਸਨ।

# ਬਿਨਾਂ ਟਾਈਮ ਟੇਬਲ ਚਲਾਈਆਂ ਟਰੇਨਾਂ, ਅਫਸਰ ਰੂਟ ਮਿਥਣਾ ਵੀ ਭੁੱਲੇ



ਲਖਨਊ, 27 ਮਈ (ਪੋਸਟ ਬਿਊਰੋ)- ਭਾਰਤ ਦੀਆਂ ਰੇਲਾਂ ਨੂੰ ਭਾਰਤ ਦੀ ਜੀਵਨ ਰੇਖਾ ਕਿਹਾ ਜਾਂਦਾ ਹੈ। ਇਸ ਨਾਅਰੇ ਤੋਂ ਉਲਟ ਸੰਕਟ ਦੀ ਘੜੀ ਵਿੱਚ ਰੇਲ ਅਫਸਰਾਂ ਦੀ ਬੇਪਰਵਾਹੀ ਨੇ ਲੱਖਾਂ ਮਜ਼ਦੂਰਾਂ ਨੂੰ ਪਰੇਸ਼ਾਨ ਕਰ ਦਿੱਤਾ। ਹਾਲਤ ਇਹ ਸੀ ਕਿ ਮਜ਼ਦੂਰਾਂ ਨੂੰ ਘਰ ਪੁਚਾਉਣ ਵਾਲੀਆਂ ਰੇਲ ਗੱਡੀਆਂ ਨੂੰ ਚਲਾਉਣ ਤੋਂ ਪਹਿਲਾਂ ਉਨ੍ਹਾਂ ਦਾ ਟਾਈਮ ਟੇਬਲ ਤੱਕ ਨਹੀਂ ਬਣਾਇਆ ਗਿਆ ਅਤੇ ਨਾ ਰੂਟ ਦਾ ਧਿਆਨ ਰੱਖਿਆ ਕਿ ਕਿਸ ਗੱਡੀ ਨੇ ਕਿੱਥੋਂ ਲੰਘਣਾ ਹੈ।

ਪਤਾ ਲੱਗਾ ਹੈ ਕਿ ਗੱਡੀਆਂ ਨੂੰ ਚਲਾਉਣ ਤੋਂ ਪਹਿਲਾਂ ਕਾਹਲੀ ਵਿੱਚ ਅੱਧੀ-ਅਧੂਰੀ ਤਿਆਰੀ ਤੇ ਜ਼ੋਨਾਂ ਵਿੱਚ ਜ਼ੀਰੋ ਤਾਲਮੇਲ ਦੇ ਹਾਲਾਤ ਇਹੋ ਜਿਹੇ ਸਨ ਕਿ ਸਿੱਧੀਆਂ ਪਟੜੀਆਂ 'ਤੇ ਦੌੜਨ ਵਾਲੀਆਂ ਰੇਲ ਗੱਡੀਆਂ ਭਾਰਤ ਦੀ ਰੇਲਵੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਰਾਹਾਂ ਤੋਂ ਭਟਕ ਗਈਆਂ। ਏਸ਼ੀਆ ਦੀ ਸਭ ਤੋਂ ਵੱਡੀ ਕਾਰਟ ਲਾਈਨ (ਦਿੱਲੀ-ਮੁੰਬਈ ਤੋਂ ਹਾਵੜਾ ਰੂਟ ਉੱਤੇ ਟੁੰਡਲਾ ਤੋਂ ਪ੍ਰਯਾਗਰਾਜ ਤੱਕ ਟਰੇਨਾਂ ਦੀ ਹੌਲੀ ਸਪੀਡ ਨੇ ਪਟੜੀਆਂ 'ਤੇ ਜਾਮ ਲਾ ਦਿੱਤਾ। ਇਸ ਕਾਰਨ ਜਿਸ ਉੱਤਰ ਪ੍ਰਦੇਸ਼ ਦੀਆਂ ਨੌਂ ਰੇਲਵੇ ਡਵੀਜ਼ਨਾਂ ਵਿੱਚ ਲਗਭਗ 9270 ਕਿਲੋਮੀਟਰ ਦੇ ਟਰੈਕ ਤੋਂ ਰੋਜ਼ 1300 ਗੱਡੀਆਂ ਲੰਘਦੀਆਂ ਸਨ, ਉਸ ਉੱਤੇ 200 ਗੱਡੀਆਂ ਚਲਾਉਣ ਨਾਲ ਹੀ ਸਿਸਟਮ ਦਾ ਭੱਠਾ ਬੈਠ ਗਿਆ।

ਅਸਲ ਵਿੱਚ ਗੱਡੀਆਂ ਚਲਾਉਣ ਲਈ ਇਸ ਦਾ ਟਾਈਮ ਟੇਬਲ ਬਹੁਤ ਅਹਿਮ ਹੁੰਦਾ ਹੈ। ਇਹੀ ਟਾਈਮ ਟੇਬਲ ਯਾਤਰੀ ਨੂੰ ਵੀ ਰਾਹ ਦਿਖਾਉਂਦਾ ਹੈ। ਟਾਈਮ ਟੇਬਲ ਬਣਾਉਂਦੇ ਸਮੇਂ ਰੇਲਵੇ ਤੈਅ ਕਰਦਾ ਹੈ ਕਿ ਗੱਡੀ ਚੱਲਣ ਦੇ ਬਾਅਦ ਉਸ ਦਾ ਆਪਰੇਸ਼ਨ ਅਤੇ ਕਮਰਸ਼ੀਲ ਪੜਾਅ ਕਿੱਥੇ ਹੋਵੇਗਾ ਅਤੇ ਉਸ ਉੱਤੇ ਕਿੰਨਾ ਸਮਾਂ ਲੱਗੇਗਾ। ਔਸਤ ਰਫਤਾਰ ਕੀ ਹੋਵੇਗੀ, ਰੂਟ ਕੀ ਹੋਵੇਗਾ ਅਤੇ ਇਹ ਵੀ ਦੇਖਿਆ ਜਾਂਦਾ ਹੈ ਜਿਸ ਸਮੇਂ 'ਤੇ ਟਰੇਨ ਚੱਲ ਰਹੀ ਹੁੰਦੀ ਹੈ, ਉਸ ਸਮੇਂ ਸੈਕਸ਼ਨ 'ਤੇ ਅੱਗੇ ਜਾਂ ਕਰਾਸਿੰਗ 'ਤੇ ਕੋਈ ਹੋਰ ਟਰੇਨ ਤਾਂ ਨਹੀਂ ਹੈ। ਇਹੀ ਟਾਈਮ ਟੇਬਲ ਅਗਲੇ ਸਮੇਂ ਵੱਡੇ ਰੇਲਵੇ ਸਟੇਸ਼ਨਾਂ 'ਤੇ ਲੋਕੋ ਪਾਇਲਟ ਅਤੇ ਗਾਰਡ ਦੀ ਵਿਵਸਥਾ ਦੇ ਕੰਮ ਆਉਂਦਾ ਹੈ। ਰੇਲਵੇ ਨੇ ਇੱਕ ਮਈ ਨੂੰ ਸ਼੍ਰਮਿਕ ਸਪੈਸ਼ਲ ਟਰੇਨਾਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਤਾਂ ਉਸ ਨੇ ਟਾਈਮ ਟੇਬਲ ਬਣਾਇਆ। ਰੋਜ਼ਾਨਾ ਔਸਤ ਚਾਲੀ ਟਰੇਨਾਂ ਚੱਲੀਆਂ ਅਤੇ ਪਹਿਲਾਂ ਤੋਂ ਬਣਾਏ ਰਾਹ ਤੋਂ ਹੋ ਕੇ ਲੰਘਣ ਦੌਰਾਨ ਸਮੇਂ ਦਾ ਵੀ ਕੰਟਰੋਲ ਰਿਹਾ। ਫਿਰ 12 ਮਈ ਦੇ ਬਾਅਦ ਹਾਲਾਤ ਵਿਗੜੇ ਅਤੇ ਹੌਲੀ ਹੌਲੀ ਰੇਲਵੇ ਬੋਰਡ ਦੀ ਪਲਾਨਿੰਗ ਫੇਲ ਹੋਣ ਲੱਗ ਪਈ, ਜਿਸ ਨਾਲ ਚਾਲੀ ਰੇਲ ਗੱਡੀਆਂ ਆਪਣੇ ਰਸਤੇ ਤੋਂ ਭਟਕ ਕੇ ਹੋਰਨੀਂ ਥਾਈਂ ਚਲੇ ਗਈਆਂ ਅਤੇ ਇੱਕ ਗੱਡੀ ਛੱਡੀ ਘੰਟੇ ਦੇ ਰਸਤੇ ਲਈ ਚੌਥੇ ਦਿਨ ਟਿਕਾਣੇ ਪਹੁੰਚ ਸਕੀ।

# ਰਾਹੁਲ ਗਾਂਧੀ ਦੀ ਨਜ਼ਰ ਵਿੱਚ ਲਾਕਡਾਊਨ ਅਸਫਲ ਰਿਹੈ



ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਇਹ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਰੋਨਾ ਨੂੰ ਕੰਟਰੋਲ ਕਰਨ ਲਈ ਦੇਸ਼ ਤੋਂ 21 ਦਿਨ ਦਾ ਸਮਾਂ ਮੰਗਿਆ ਸੀ, ਪਰ ਲਾਕਡਾਊਨ ਨੂੰ ਦੋ ਮਹੀਨੇ ਹੋ ਗਏ ਹਨ ਅਤੇ ਮਹਾਂਮਾਰੀ ਘਟਣ ਦੀ ਥਾਂ ਹੋਰ ਤੇਜ਼ੀ ਨਾਲ ਵਧ ਰਹੀ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਭਾਰਤ 'ਚ ਲਾਕਡਾਊਨ ਇੱਕ ਤਰ੍ਹਾਂ ਅਸਫਲ ਹੀ ਰਿਹਾ ਹੈ।

ਕੱਲ੍ਹ ਇਥੇ ਪੱਤਰਕਾਰ ਸੰਮੇਲਨ ਵਿੱਚ ਰਾਹੁਲ ਗਾਂਧੀ ਨੇ ਕਿਹਾ ਕਿ ਨਰਿੰਦਰ ਮੋਦੀ 21 ਦਿਨਾਂ 'ਚ ਕੋਰੋਨਾ ਨੂੰ ਰੋਕਣ 'ਚ ਅਸਫਲ ਰਹੇ, ਫਿਰ ਇਸ ਨੂੰ ਤਿੰਨ ਵਾਰ ਵਧਾਇਆ ਅਤੇ ਅੱਜ ਤਾਲਾਬੰਦੀ ਨੂੰ 60 ਦਿਨ ਹੋ ਗਏ ਹਨ, ਪਰ ਸਥਿਤੀ ਸੁਧਰਨ ਦੀ ਥਾਂ ਬਹੁਤ ਜ਼ਿਆਦਾ ਵਿਗੜ ਗਈ ਹੈ। ਸਰਕਾਰ ਕੋਲ ਕੋਰੋਨਾ ਨਾਲ ਲੜਨ ਲਈ ਕੋਈ ਠੋਸ ਰਣਨੀਤੀ ਨਹੀਂ ਹੈ, ਇਸ ਲਈ ਇਸ ਨੂੰ ਕੰਟਰੋਲ ਕਰਨ 'ਚ ਅਸਫਲ ਹੋ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਕੋਰੋਨਾ ਨਾਲ ਲੜਨ ਦੇ ਦੁਨੀਆ ਦੇ ਤਜਰਬੇ ਨੂੰ ਦੇਖੀਏ ਤਾਂ ਭਾਰਤ ਹੀ ਅਜਿਹਾ ਦੇਸ਼ ਹੈ, ਜਿਥੇ ਇਸ ਦੇ ਤੇਜ਼ੀ ਨਾਲ ਫੈਲਣ ਦੇ ਦਰਮਿਆਨ ਲਾਕਡਾਊਨ ਨੂੰ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲਾਕਡਾਊਨ ਦਾ ਟੀਚਾ ਹਾਸਲ ਨਹੀਂ ਹੋਇਆ।

ਇਸ ਦੇ ਜਵਾਬ ਵਿੱਚ ਭਾਜਪਾ ਨੇ ਰਾਹੁਲ ਗਾਂਧੀ ਦਾ ਬਿਆਨ ਰੱਦ ਕਰਦਿਆਂ ਕਿਹਾ ਕਿ ਕੋਰੋਨਾ ਵਾਇਰਸ ਦੇ ਕੇਸ ਪਹਿਲਾਂ ਦੇ ਤਿੰਨ ਦਿਨ ਵਿੱਚ ਦੁੱਗਣੇ ਹੋਣ ਦੀ ਦਰ ਲਾਕਡਾਊਨ ਤੋਂ ਬਾਅਦ 13 ਦਿਨ ਵਿੱਚ ਦੁੱਗਣੇ ਹੋਣ ਵਾਲੀ ਹੋ ਗਈ ਹੈ, ਇਸ ਨੂੰ ਉਨ੍ਹਾਂ ਨੇ ਭਾਰਤ ਦੀ ਸਫਲਤਾ ਕਿਹਾ ਹੈ। ਭਾਜਪਾ ਆਗੂ ਤੇ ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਮੋਦੀ ਸਰਕਾਰ ਦੇ ਲਾਕਡਾਊਨ ਦੇ ਫ਼ੈਸਲੇ ਨੇ ਯਕੀਨੀ ਬਣਾਇਆ ਕਿ ਭਾਰਤ 'ਚ ਅਮਰੀਕਾ, ਫਰਾਂਸ ਅਤੇ ਸਪੇਨ ਵਰਗੇ ਦੇਸ਼ਾਂ ਤੋਂ ਘੱਟ ਨੁਕਸਾਨ ਹੋਵੇ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਕੋਵਿਡ-19 ਮਹਾਂਮਾਰੀ ਨਾਲ ਲੜ ਰਿਹਾ ਹੈ, ਕਾਂਗਰਸ ਓਦੋਂ ਵੀ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਨਾਲ ਲੜਨ ਦੇ ਭਾਰਤ ਦੇ ਯਤਨਾਂ ਦੀ ਵਿਸ਼ਵ ਭਰ 'ਚ ਪ੍ਰਸੰਸਾ ਹੋਈ ਹੈ ਪਰ ਕਾਂਗਰਸ ਨੇ ਇਸ ਦਾ ਵਿਰੋਧ ਕੀਤਾ ਹੈ।

# ਭਾਰਤ ਵਿੱਚ ਟਿਕ-ਟਾਕ ਤੋਂ ਅੱਕਣ ਲੱਗ ਪਏ ਹਨ ਲੋਕ




ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਭਾਰਤ ਵਿੱਚ ਇੱਕ ਪਾਸੇ ਲਾਕਡਾਊਨ ਹੈ ਤਾਂ ਦੂਜੇ ਪਾਸੇ ਸੋਸ਼ਲ ਮੀਡੀਆ 'ਤੇ ਟਿਕ-ਟਾਕਰਜ਼ ਅਤੇ ਯੂਟਿਊਬਰਜ਼ ਵਿਚਕਾਰ ਜ਼ਿਦ ਚੱਲ ਰਹੀ ਹੈ। ਇਸ ਦੌਰਾਨ ਭਾਰਤ 'ਚ ਚੀਨ ਦੇ ਲੋਕਪ੍ਰਿਅ ਵੀਡੀਓ ਸ਼ੇਅਰਿੰਗ ਐਪ ਟਿਕ-ਟਾਕ ਦੀ ਟੀ ਆਰ ਪੀਵਿੱ'ਚ ਤੇਜ਼ੀ ਨਾਲ ਗਿਰਵਾਟ ਦਰਜ ਆ ਰਹੀ ਹੈ। ਇੱਕ ਪਾਸੇ ਪਲੇਸਟੋਰ 'ਤੇ ਟਿਕ-ਟਾਕ ਦੀ ਰੇਟਿੰਗ ਡਿੱਗ ਕੇ 4.4 ਤੋਂ 1.2 ਰਹਿ ਗਈ ਹੈ, ਉਥੇ ਨਵੇਂ ਡਾਊਨਲੋਡ 'ਚ ਵੀ ਭਾਰੀ ਗਿਰਾਵਟ ਆ ਗਈ ਹੈ। ਮਈ 'ਚ ਟਿਕ-ਟਾਕ ਐਪ ਨੂੰ ਸਿਰਫ 17 ਮਿਲੀਅਨ ਯੂਜ਼ਰਜ਼ ਨੇ ਡਾਊਨਲੋਡ ਕੀਤਾ ਹੈ, ਜਦੋਂ ਕਿ ਲਾਕਡਾਊਨ ਦੇ ਸ਼ੁਰੂ ਦੇ ਮਹੀਨੇ 'ਚ ਇਹ ਐਪ ਭਾਰਤ 'ਚ ਚੀਨ ਤੋਂ ਵੀ ਜ਼ਿਆਦਾ ਡਾਊਨਲੋਡ ਕੀਤੇ ਗਏ ਹਨ।

ਸੈਂਸਰ ਟਾਵਰ ਡਾਟਾ ਦੀ ਰਿਪੋਰਟ ਮੁਤਾਬਕ ਮਾਰਚ 'ਚ ਟਿਕ-ਟਾਕ 'ਤੇ ਸਭ ਤੋਂ ਵੱਧ ਨਵੇਂ ਯੂਜ਼ਰਜ਼ ਜੁੜੇ ਹਨ। ਮਾਰਚ ਵਿੱਚ ਕਰੀਬ 36.7 ਮਿਲੀਅਨ ਲੋਕਾਂ ਨੇ ਇਸ ਨੂੰ ਡਾਊਨਲੋਡ ਕੀਤਾ ਹੈ, ਪਰ ਅਪ੍ਰੈਲ 'ਚ ਯੂਜ਼ਰਜ਼ ਦੀ ਗਿਣਤੀ 23.5 ਮਿਲੀਅਨ ਰਹੀ ਅਤੇ ਮਈ 'ਚ ਇਸ ਨੂੰ ਡਾਊਨਲੋਡ ਕਰਨ ਵਾਲੇ ਯੂਜ਼ਰਜ਼ ਦੀ ਗਿਣਤੀ ਅੱਧੇ ਤੋਂ ਵੀ ਘੱਟ ਹੋ ਗਈ ਹੈ। 2.3 ਮਈ ਤੱਕ ਸਿਰਫ 1.7 ਕਰੋੜ ਯੂਜ਼ਰਜ਼ ਨੇ ਇਸ ਨੂੰ ਡਾਊਨਲੋਡ ਕੀਤਾ ਹੈ। ਮੀਡੀਆ ਰਿਪੋਰਟ ਅਨੁਸਾਰ ਪਿਛਲੇ ਕੁੱਝ ਮਹੀਨਿਆਂ ਤੋਂ 'ਕੋਵਿਡ-19' ਮਹਾਮਾਰੀ ਕਾਰਨ ਇਸ਼ਤਿਹਾਰ ਇੰਡਟਰੀ ਨੇ ਟਿਕ-ਟਾਕ, ਫੇਸਬੁੱਕ ਸਮੇਤ ਸੋਸ਼ਲ ਮੀਡੀਆ ਪਲੇਟਫਾਰਮ ਵੱਲੋਂ ਬਜਟ 'ਚ ਕਟੌਤੀ ਕੀਤੀ ਹੈ। ਇਸ ਤੋਂ ਪਹਿਲਾਂ ਤੱਕ ਟਿਕ-ਟਾਕ 'ਤੇ ਫੇਸਬੁੱਕ ਦੀ ਮਾਲਕੀ ਵਾਲੇ ਇੰਸਟਾਗ੍ਰਾਮ ਸਮੇਤ ਹੋਰ ਡਿਜੀਟਲ ਪਲੇਟਫਾਰਮ ਦੇ ਮੁਕਾਬਲੇ ਜ਼ਿਆਦਾ ਐਡ ਮਿਲਦੇ ਸਨ। ਕੁਝ ਮਹਿਰਾਂ ਨੇ ਇਸ ਨੂੰ ਅਸਥਾਈ ਘਟਨਾ ਕਿਹਾ ਹੈ। ਸੋਸ਼ਲ ਮਾਹਿਰ ਕਾਰਗਿਕ ਸ਼੍ਰੀਨਿਵਾਸਨ ਨੇ ਇਸ ਨੂੰ ਕੁੱਝ ਸਮੇਂ ਦਾ ਟਰੈਂਡ ਦੱਸਿਆ ਹੈ। ਉਨ੍ਹਾਂ ਕਿਹਾ ਹੈ ਕਿ ਟਿਕ-ਟਾਕ 'ਤੇ ਜਲਦ ਹੀ ਕਈ ਅਭਿਆਨ ਆਉਣ ਵਾਲੇ ਹਨ। ਉਥੇ ਹੀ ਦੂਜੇ ਪਾਸੇ ਉਹ ਇਹ ਮੰਨਦੇ ਹਨ ਕਿ ਮੌਜੂਦਾ ਸਮੇਂ 'ਚ ਬ੍ਰਾਂਡ ਟਿਕਟਾਕ 'ਤੇ ਭਾਰੀ ਨਿਵੇਸ਼ ਕਰਨ ਤੋਂ ਕਤਰਾ ਰਹੇ ਹਨ।

# ਕਰਜ਼ਿਆਂ 'ਤੇ ਵਿਆਜ ਮੁਆਫ਼ੀ ਬਾਰੇ ਸੁਪਰੀਮ ਕੋਰਟ ਵੱਲੋਂ ਆਰ ਬੀ ਆਈ ਅਤੇ ਕੇਂਦਰ ਨੂੰ ਨੋਟਿਸ




ਨਵੀਂ ਦਿੱਲੀ, 27 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੋਰੋਨਾ ਵਾਇਰਸ ਦੇ ਸੰਕਟ ਦੌਰਾਨ ਆਰ ਬੀ ਆਈ ਵੱਲੋਂ ਤਿੰਨ ਮਹੀਨੇ ਦੀ ਮੁਹਲਤ ਪਿੱਛੋਂ ਬੈਂਕਾਂ ਵੱਲੋਂ ਕਰਜ਼ ਉੱਤੇ ਵਿਆਜ ਲਾਉਣ ਖ਼ਿਲਾਫ਼ ਦੇ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਅਤੇ ਰਿਜ਼ਰਵ ਬੈਂਕ (ਆਰ ਬੀ ਆਈ) ਨੂੰ ਨੋਟਿਸ ਜਾਰੀ ਕਰਕੇ ਇੱਕ ਹਫ਼ਤੇ ਵਿੱਚ ਜਵਾਬ ਦੇਣ ਲਈ ਕਿਹਾ ਹੈ। ਪਿਛਲੀ ਸੁਣਵਾਈ 'ਚ ਵੀ ਸੁਪਰੀਮ ਕੋਰਟ ਨੇ ਜਵਾਬ ਦਾਖ਼ਲ ਕਰਨ ਨੂੰ ਕਿਹਾ ਸੀ, ਪਰ ਸਰਕਾਰ ਨੇ ਅਜੇ ਤੱਕ ਜਵਾਬ ਦਾਖ਼ਲ ਨਹੀਂ ਕੀਤਾ, ਜਿਸ ਕਾਰਨ ਅਦਾਲਤ ਨੇ ਨੋਟਿਸ ਜਾਰੀ ਕੀਤਾ ਹੈ।

ਪੁਰਾਣੇ ਬੈਂਕ ਕਰਜ਼ੇ ਉੱਤੇ ਕੋਰੋਨਾ ਵਾਇਰਸ ਲਾਕਡਾਊਨ ਦੇ ਦੌਰਾਨ ਵਿਆਜ ਵਸੂਲੇ ਜਾਣ ਦੇ ਖ਼ਿਲਾਫ਼ ਦਾਇਰ ਹੋਈ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਆਰ ਬੀ ਆਈ ਤੋਂ ਇੱਕ ਹਫ਼ਤੇ 'ਚ ਜਵਾਬ ਮੰਗਿਆ ਹੈ। ਇਸ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਲਾਕਡਾਊਨ ਦੌਰਾਨ ਬੈਂਕਾਂ ਨੇ ਕਿਸ਼ਤ ਦੀ ਅਦਾਗਿਰੀ 'ਚ ਛੋਟ ਦਿੱਤੀ ਹੈ, ਜੋ ਕਿ ਬਾਅਦ ਵਿੱਚ ਅਦਾ ਕਰਨ ਦੀ ਛੋਟ ਦੇਣ ਦੇ ਨਾਂਅ 'ਤੇ ਬੈਂਕ ਆਪਣੇ ਗਾਹਕਾਂ ਤੋਂ ਕਿਸ਼ਤ ਬਾਅਦ 'ਚ ਅਦਾ ਕਰਨ ਤੱਕ ਦੇ ਸਮੇਂ 'ਤੇ ਚੱਕਰਵਰਤੀ ਵਿਆਜ ਵਸੂਲ ਰਹੇ ਹਨ। ਪਟੀਸ਼ਨਕਰਤਾ ਨੇ ਕਿਹਾ ਕਿ ਇਸ ਨਾਲ ਗਾਹਕ 'ਤੇ ਹੋਰ ਵੀ ਜ਼ਿਆਦਾ ਆਰਥਿਕ ਬੋਝ ਪਵੇਗਾ ਅਤੇ ਇਹ ਉਸ ਨਾਲ ਜ਼ਿਆਦਤੀ ਹੋਵੇਗੀ।

# ਸਿੱਕੇ ਵਿੱਚ ਜਾਨ ਪਾਉਣ ਦੇ ਝਾਂਸੇ ਨਾਲ ਬਲੀ ਦੇਣ ਦੇ ਪੰਜ ਦੋਸ਼ੀ ਗ੍ਰਿਫਤਾਰ



ਸਰਾਏਕੇਲਾ, 27 ਮਈ (ਪੋਸਟ ਬਿਊਰੋ)- ਇੱਕ ਤੰਤਰਿਕ ਨੇ ਆਪਣੇ ਚਾਰ ਸਾਥੀਆਂ ਨਾਲ ਮਿਲ ਕੇ ਸਰਾਏਕੇਲਾ-ਖਰਸਾਵਾਂ ਜ਼ਿਲੇ (ਝਾਰਖੰਡ) ਦੇ ਵਾਸੀ ਬਾਗੁਨ ਸੋਏ ਦੀ ਬਲੀ ਚੜ੍ਹਾ ਦਿੱਤੀ ਹੈ।

ਪਤਾ ਲੱਗਾ ਹੈ ਕਿ ਬਾਗੁਨ ਦੇ ਕੋਲ ਇੱਕ ਸਿੱਕਾ ਸੀ, ਜਿਸ 'ਤੇ ਹਨੂਮਾਨ ਦੀ ਫੋਟੋ ਸੀ। ਤੰਤਰਿਕ ਇਸ ਨੂੰ ਕਿਸੇ ਵੀ ਕੀਮਤ 'ਤੇ ਹਾਸਲ ਕਰਨਾ ਚਾਹੁੰਦਾ ਸੀ, ਜਿਸ ਕਾਰਨ ਉਸ ਨੇ ਇਸ ਵਾਰਦਾਤ ਕੀਤੀ ਹੈ। ਪੁਲਸ ਨੇ ਐਤਵਾਰ ਦੇਰ ਰਾਤ ਦੀ ਇਸ ਘਟਨਾ ਵਿੱਚ ਸ਼ਾਮਲ ਤੰਤਰਿਕ ਅਤੇ ਪੰਜ ਹੋਰਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਆਦਿੱਤਿਆਪੁਰ ਡੀ ਰੋਡ ਵਾਸੀ ਬਾਗੁਨ ਸੋਏ ਆਪਣੇ ਪਰਵਾਰ ਨੂੰ ਬਿਮਾਰੀ ਤੋਂ ਠੀਕ ਕਰਨ ਲਈ ਤੰਤਰਿਕ ਗਣੇਸ਼ ਲੋਹਾਰ ਤੋਂ ਪੂਜਾ ਕਰਾਉਣ ਲਈ ਰਾਜਨਗਰ ਦੇ ਬਾਨਾ ਪਿੰਡ ਗਿਆ ਸੀ। ਤੰਤਰਿਕ ਨੇ ਉਸ ਦੇ ਪੁਰਾਣੇ ਸਿੱਕੇ ਵਿੱਚ ਜਾਨ ਪਾਉਣ ਦਾ ਝਾਂਸਾ ਦੇ ਕੇ ਬਪਾਗੁਨ ਨੂੰ ਮੁਰਗੇ ਦੀ ਬਲੀ ਦੇਣ ਲਈ ਮਨਾਇਆ। ਇਸ ਮਗਰੋਂ ਉਸ ਨੂੰ ਲੈ ਕੇ ਨਦੀ ਕਿਨਾਰੇ ਗਿਆ, ਜਿੱਥੇ ਉਸ ਨੇ ਚਾਰ ਸਾਥੀਆਂ ਨਾਲ ਮਿਲ ਕੇ ਮੁਰਗੇ ਦੀ ਜਗ੍ਹਾ ਬਾਗੁਨ ਦੀ ਬਲੀ ਦੇ ਦਿੱਤੀ। ਇਸ ਦੇ ਬਾਅਦ ਲਾਸ਼ ਨੂੰ ਨਦੀ ਵਿੱਚ ਸੁੱਟ ਦਿੱਤਾ। ਬਾਗੁਨ ਸੋਏ ਦੀ ਲਾਸ਼ ਟੈਂਟੋਪੋਸੀ ਤੋਂ ਰਾਜਨਗਰ ਦੇ ਕੋਲਾਬੜੀਆ ਜਾਣ ਵਾਲੇ ਮਾਰਗ 'ਤੇ ਨਦੀ 'ਚੋਂ ਮਿਲੀ ਸੀ। ਗਰਦਨ ਧੜ ਨਾਲੋਂ ਲਗਭਗ ਅਲੱਗ ਸੀ। ਸ਼ੱਕ ਸੀ ਕਿ ਗਰਦਨ 'ਤੇ ਪਿੱਛੇ ਵਾਰ ਕੀਤਾ ਗਿਆ ਹੈ।

# ਚੁਣੌਤੀਆਂ ਹੁੰਦਿਆਂ ਵੀ ਪੰਜਾਬ ਵਿੱਚ ਕਣਕ ਖਰੀਦ ਭਰਵੀਂ ਹੋਈ

*** ਦੇਸ਼ 'ਚ 341.56, ਪੰਜਾਬ 'ਚ 126 ਲੱਖ ਮੀਟ੍ਰਿਕ ਟਨ ਤੋਂ ਵੱਧ ਖ਼ਰੀਦ**



ਲੁਧਿਆਣਾ, 27 ਮਈ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਕੋਵਿਡ-19 ਦੇ ਫੈਲਣ ਅਤੇ ਭਾਰਤ ਵਿੱਚ ਲਾਕਡਾਊਨ ਦੇ ਕਾਰਨ ਪੈਦਾ ਹੋਈਆਂ ਸਭ ਰੁਕਾਵਟਾਂ ਦੇ ਬਾਵਜੂਦ ਸਰਕਾਰੀ ਏਜੰਸੀਆਂ ਵੱਲੋਂ ਕਣਕ ਦੀ ਖ਼ਰੀਦ ਲਗੱਭਗ 341.56 ਲੱਖ ਮੀਟ੍ਰਿਕ ਟਨ ਤੋਂ ਵੱਧ ਹੋ ਗਈ ਹੈ। ਪੰਜਾਬ ਵਿੱਚ ਕਣਕ ਦੀ ਕਟਾਈ ਆਮ ਤੌਰ 'ਤੇ ਮਾਰਚ ਦੇ ਅਖ਼ੀਰ ਤੱਕ ਸ਼ੁਰੂ ਹੁੰਦੀ ਤੇ ਖ਼ਰੀਦ ਹਰ ਸਾਲ ਅਪ੍ਰੈਲ ਦੇ ਪਹਿਲੇ ਹਫ਼ਤੇ ਸ਼ੁਰੂ ਹੁੰਦੀ ਹੈ। ਬਹੁਤੇ ਰਾਜਾਂ ਵਿੱਚ ਇਸ ਵਾਰ ਖ਼ਰੀਦ 15 ਅਪ੍ਰੈਲ ਤੋਂ ਸ਼ੁਰੂ ਹੋ ਗਈ ਸੀ, ਪਰ ਹਰਿਆਣਾ ਨੇ 20 ਅਪ੍ਰੈਲ ਨੂੰ ਥੋੜ੍ਹੀ ਦੇਰ ਨਾਲ ਸ਼ੁਰੂਆਤ ਕੀਤੀ ਸੀ। ਪੰਜਾਬ ਵਿੱਚ ਕਣਕ ਦੀ ਖ਼ਰੀਦ ਨੂੰ ਨੇਪਰੇ ਚਾੜ੍ਹਨ ਲਈ ਨਿੱਜੀ ਖ਼ਰੀਦ ਕੇਂਦਰਾਂ 'ਤੇ ਕਿਸਾਨਾਂ ਦੀ ਗਿਣਤੀ ਨੂੰ ਘੱਟ ਕਰਨ ਲਈ ਖ਼ਰੀਦ ਕੇਂਦਰਾਂ ਦੀ ਗਿਣਤੀ ਵਧਾ ਦਿੱਤੀ ਗਈ ਸੀ। ਨਵੇਂ ਸੈਂਟਰ ਬਣਾਉਣ ਨਾਲ ਪੰਜਾਬ ਵਰਗੇ ਵੱਡੇ ਖ਼ਰੀਦ ਰਾਜਾਂ ਵਿੱਚ ਇਹ ਗਿਣਤੀ 1836 ਤੋਂ 3681, ਹਰਿਆਣਾ ਵਿੱਚ 599 ਤੋਂ 1800 ਅਤੇ ਮੱਧ ਪ੍ਰਦੇਸ਼ ਵਿੱਚ 3545 ਤੋਂ 4494 ਹੋ ਗਈ। ਵਾਇਰਸ ਦੇ ਫੈਲਣ ਦੇ ਖਤਰੇ ਤੋਂ ਇਲਾਵਾ ਕਣਕ ਦੀ ਖ਼ਰੀਦ ਵਿੱਚ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਸਾਰੀਆਂ ਜੂਟ ਮਿੱਲਾਂ ਬੰਦ ਹੋ ਗਈਆਂ ਸਨ ਅਤੇ ਖ਼ਰੀਦ ਕੀਤੀ ਕਣਕ ਦੀ ਭਰਾਈ ਲਈ ਵਰਤੇ ਜਾਂਦੇ ਜੂਟ ਦੀ ਬੋਰੀਆਂ ਦਾ ਉਤਪਾਦਨ ਰੁਕ ਜਾਣ ਨਾਲ ਸੰਕਟ ਪੈਦਾ ਹੋ ਗਿਆ ਸੀ। ਸਾਰੇ ਪ੍ਰਮੁੱਖ ਕਣਕ ਉਤਪਾਦਕ ਰਾਜਾਂ ਵਿੱਚ ਬੇਮੌਸਮੀ ਮੀਂਹ ਵੀ ਕਣਕ ਦੀ ਵਾਢੀ ਅਤੇ ਮੰਡੀਕਰਨ ਵਿੱਚ ਵਿਘਨ ਪਾਉਂਦਾ ਰਿਹਾ। ਇਸ ਨਾਲ ਕਈ ਕਿਸਾਨਾਂ ਦੀ ਕਣਕ ਖੇਤਾਂ ਅਤੇ ਮੰਡੀਆਂ ਵਿੱਚ ਰੁਲ ਗਈ ਅਤੇ ਨਮੀ ਹੋਣ ਕਰਕੇ ਕਣਕ ਦਾ ਘੱਟ ਮੁੱਲ ਮਿਲਿਆ ਸੀ। ਇਸ ਸਾਲ ਕਣਕ ਮੰਡੀਕਰਨ ਬਾਰੇ ਪੰਜਾਬ ਦੀਆਂ ਕਿਸਾਨ ਸੰਗਠਨਾਂ ਦਾ ਕਹਿਣਾ ਹੈ ਕਿ ਕੋਰੋਨਾ ਮਹਾਮਾਰੀ ਦੇ ਨਾਲ ਲਗਾਤਾਰ ਪੈਂਦੇ ਮੀਂਹ ਨੇ ਮੁਸ਼ਕਲਾਂ ਵਿੱਚ ਬਹੁਤ ਵਾਧਾ ਕੀਤਾ ਸੀ ਅਤੇ ਘਰਾਂ ਵਿੱਚ ਕਣਕ ਸੰਭਾਲਣ ਦੀ ਸਮੱਸਿਆ ਪੈਦਾ ਹੋਈ।

# ਪਤੀ ਨਾਲ ਝਗੜੇ ਕਾਰਨ ਤੰਗ ਆਈ ਮਹਿਲਾ ਟਰੈਫਿਕ ਕਾਂਸਟੇਬਲ ਵੱਲੋਂ ਖ਼ੁਦਕੁਸ਼ੀ



ਲੁਧਿਆਣਾ, 27 ਮਈ (ਪੋਸਟ ਬਿਊਰੋ)- ਪੁਲਸ ਲਾਈਨ ਦੇ ਸਰਕਾਰੀ ਕਵਾਰਟਰ ਵਿੱਚ ਮਹਿਲਾ ਟਰੈਫਿਕ ਕਾਂਸਟੇਬਲ ਨੇ ਖ਼ੁਦਕੁਸ਼ੀ ਕਰ ਲਈ ਹੈ। ਉਸ ਦੀ ਪਛਾਣ ਡੇਹਲੋਂ ਨੇੜਲੇ ਪਿੰਡ ਖਟੜਾ ਚੋਰਾਮ ਦੀ ਕਮਲਜੀਤ ਕੌਰ (29) ਵਜੋਂ ਹੋਈ ਹੈ, ਜੋ ਟਰੈਫਿਕ ਪੁਲਸ ਵਿੱਚ ਮਹਿਲਾ ਕਾਂਸਟੇਬਲ ਵਜੋਂ ਤੈਨਾਤ ਸੀ।

ਦੱਸਿਆ ਜਾਂਦਾ ਹੈ ਕਿ ਮਹਿਲਾ ਦਾ ਆਪਣੇ ਪਤੀ ਨਾਲ ਪਿਛਲੇ ਕਈ ਸਾਲਾਂ ਤੋਂ ਝਗੜਾ ਚੱਲਦਾ ਸੀ। ਇਸ ਘਟਨਾ ਦੀ ਸੂਚਨਾ ਮਿਲਦੇ ਸਾਰ ਥਾਣਾ ਡਵੀਜ਼ਨ ਨੰਬਰ ਅੱਠ ਦੀ ਪੁਲਸ ਮੌਕੇ 'ਤੇ ਪਹੁੰਚੀ। ਡਵੀਜ਼ਨ ਨੰਬਰ ਅੱਠ ਦੇ ਐੱਸ ਐੱਚ ਓ ਜਰਨੈਲ ਸਿੰਘ ਨੇ ਦੱਸਿਆ ਕਿ ਉਕਤ ਮਹਿਲਾ ਪੰਜਾਬ ਪੁਲਸ ਵਿੱਚ ਸਾਲ 2011 ਵਿੱਚ ਕਾਂਸਟੇਬਲ ਭਰਤੀ ਹੋਈ ਸੀ। ਉਸ ਦਾ ਵਿਆਹ 2013 ਵਿੱਚ ਰਘੁਬੀਰ ਸਿੰਘ ਨਾਲ ਹੋਇਆ ਸੀ, ਪਰ ਕੁਝ ਸਮੇਂ ਬਾਅਦ ਪਰਵਾਰਕ ਕਲੇਸ਼ ਸ਼ੁਰੂ ਹੋ ਗਿਆ ਸੀ। ਮਹਿਲਾ ਦਾ ਸੱਤ ਸਾਲਾ ਬੇਟਾ ਮਾਤਾ-ਪਿਤਾ ਨਾਲ ਰਹਿ ਰਿਹਾ ਸੀ ਅਤੇ ਪੰਜ ਸਾਲਾ ਬੇਟੀ ਨੂੰ ਕੇਅਰ ਟੇਕਰ ਕੋਲ ਛੱਡਿਆ ਹੋਇਆ ਸੀ। ਮਹਿਲਾ ਨੇ ਸੋਮਵਾਰ ਸ਼ਾਮ ਕਰੀਬ ਸੱਤ ਵਜੇ ਸਰਕਾਰੀ ਕਵਾਰਟਰ ਵਿੱਚ ਜ਼ਹਿਰੀਲਾ ਪਦਾਰਥ ਖਾ ਲਿਆ ਅਤੇ ਫਿਰ ਆਪਣੀ ਬੇਟੀ ਦੀ ਕੇਅਰ ਟੇਕਰ ਨੂੰ ਇਸ ਬਾਰੇ ਫੋਨ ਕਰ ਕੇ ਦੱਸਿਆ। ਤਦ ਕੇਅਰ ਟੇਕਰ ਨੇ ਮਹਿਲਾ ਕਾਂਸਟੇਬਲ ਦੀ ਸਾਥੀ ਮੁਲਾਜ਼ਮ ਨੂੰ ਫੋਨ ਕਰ ਕੇ ਦੱਸਿਆ। ਉਸ ਨੇ ਓਥੇ ਪਹੁੰਚ ਕੇ ਮਹਿਲਾ ਕਾਂਸਟੇਬਲ ਨੂੰ ਡੀ ਐੱਮ ਸੀ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੀ ਦੇਰ ਰਾਤ ਮੌਤ ਹੋ ਗਈ। ਉਕਤ ਮਹਿਲਾ ਕਾਂਸਟੇਬਲ ਤੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ। ਮ੍ਰਿਤਕ ਮਹਿਲਾ ਦੇ ਪਿਤਾ ਨੇ ਸਿਕੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੀ ਬੇਟੀ ਦਾ ਪਤੀ ਦੇ ਨਾਲ ਝਗੜਾ ਚੱਲ ਰਿਹਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਸੀ।

# ਨੌਕਰੀ ਤੋਂ ਨਿਕਲਣ ਪਿੱਛੋਂ ਨੌਜਵਾਨ ਵੱਲੋਂ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ



ਲੁਧਿਆਣਾ, 27 ਮਈ (ਪੋਸਟ ਬਿਊਰੋ)- ਨੌਕਰੀ ਤੋਂ ਕੱਢੇ ਜਾਣ ਪਿੱਛੋਂ ਦੋਰਾਹਾ ਦੇ ਇੱਕ ਨੌਜਵਾਨ ਨੇ ਸਰਹਿੰਦ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਇਸ ਦਾ ਓਦੋਂ ਪਤਾ ਲੱਗਾ ਜਦ ਸੋਮਵਾਰ ਰਾਤ ਨੌਜਵਾਨ ਦੀ ਲਾਸ਼ ਨਹਿਰ 'ਚੋਂ ਮਿਲੀ। ਉਸ ਦੀ ਪਛਾਣ ਰਾਹੋਂ ਰੋਡ ਨਿਊ ਸੁਭਾਸ਼ ਨਗਰ ਦੇ ਰਵੀਸ਼ ਕੁਮਾਰ (34) ਵਜੋਂ ਹੋਈ, ਜੋ ਸਾਹਨੇਵਾਲ ਵਿੱਚ ਨਿੱਜੀ ਬੈਂਕ ਵਿੱਚ ਲੋਨ ਡਿਪਾਰਟਮੈਂਟ ਵਿੱਚ ਕੰਮ ਕਰਦਾ ਸੀ। ਪੁਲਸ ਨੇ ਇਸ ਬਾਰੇ ਬੈਂਕ ਅਧਿਕਾਰੀਆਂ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਮਾਮਲਾ ਦਰਜ ਕਰ ਦਿੱਤਾ ਹੈ।

ਥਾਣੇ ਸਾਹਨੇਵਾਲ ਦੇ ਐੱਸ ਐੱਚ ਓ ਇੰਦਰਜੀਤ ਸਿੰਘ ਨੇ ਦੱਸਿਆ ਕਿ ਉਕਤ ਨੌਜਵਾਨ ਸਾਹਨੇਵਾਲ ਵਿੱਚ ਨਿੱਜੀ ਬੈਂਕ ਵਿੱਚ ਤੈਨਾਤ ਸੀ। ਬੀਤੀ 22 ਮਈ ਨੂੰ ਜਦ ਬੈਂਕ ਗਿਆ ਤਾਂ ਅਧਿਕਾਰੀਆਂ ਨੇ ਉਸ ਨੂੰ ਲਾਕਡਾਊਨ ਦਾ ਬਹਾਨਾ ਬਣਾ ਕੇ ਨੌਕਰੀ ਤੋਂ ਕੱਢ ਦਿੱਤਾ। ਇਸ ਦੌਰਾਨ ਨੌਜਵਾਨ ਨੇ ਨੌਕਰੀ ਤੋਂ ਕੱਢੇ ਜਾਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਦਾ ਝਗੜਾ ਹੋ ਗਿਆ, ਜਿਸ ਦੇ ਬਾਅਦ ਨੌਜਵਾਨ ਨੇ ਦੋਰਾਹਾ ਕੋਲ ਸਰਹਿੰਦ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਤੇ ਉਸ ਦੀ ਲਾਸ਼ 25 ਮਈ ਨੂੰ ਦੇਰ ਸ਼ਾਮ ਨਹਿਰ 'ਚੋਂ ਬਰਾਮਦ ਕੀਤੀ ਗਈ। ਨੌਜਵਾਨ ਦੇ ਮੋਬਾਈਲ ਤੋਂ ਇੱਕ ਵੀਡੀਓ ਮਿਲਿਆ ਹੈ, ਜਿਸ ਵਿੱਚ ਉਸ ਨੇ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਬੈਂਕ ਅਧਿਕਾਰੀਆਂ 'ਤੇ ਨੌਕਰੀ ਤੋਂ ਕੱਢੇ ਜਾਣ ਦੇ ਦੋਸ਼ ਲਾਏ ਹਨ, ਜਿਸ ਵਿੱਚ ਨਿੱਜੀ ਬੈਂਕ ਦੇ ਬੈਂਕ ਮੈਨੇਜਰ ਅਤੇ ਗੋਲਡ ਲੋਨ ਮੈਨੇਜਰ ਨੂੰ ਉਸ ਨੇ ਆਪਣੀ ਮੌਤ ਦਾ ਜ਼ਿੰਮੇਵਾਰ ਠਹਿਰਾਇਆ ਹੈ। ਨੌਜਵਾਨ ਦੇ ਪਿਤਾ ਰਾਮੇਸ਼ਵਰ ਕੁਮਾਰ ਦੇ ਬਿਆਨਾਂ ਉੱਤੇ ਬ੍ਰਾਂਚ ਮੈਨੇਜਰ ਰੋਹਿਤ ਕੁਮਾਰ ਅਤੇ ਗੋਲਡ ਲੋਨ ਦੇ ਨਰਿੰਦਰ ਸਿੰਘ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਕਾਰ ਤੇ ਟੈਂਕਰ ਦੀ ਟੱਕਰ ਵਿੱਚ ਤਿੰਨ ਨੌਜਵਾਨਾਂ ਦੀ ਮੌਤ

ਫਤਿਹਗੜ੍ਹ ਸਾਹਿਬ, 27 ਮਈ (ਪੋਸਟ ਬਿਊਰੋ)- ਸਰਹਿੰਦ ਦੇ ਪੁਰਾਣੇ ਫਲਾਈ ਓਵਰ ਰੋਡ 'ਤੇ ਵਾਪਰੇ ਸੜਕੀ ਹਾਦਸੇ ਵਿੱਚ ਤਿੰਨ ਨੌਜਵਾਨਾਂ ਦੀ ਮੌਤ ਹੋਣ ਦਾ ਪਤਾ ਲੱਗਾ ਹੈ। ਇਸ ਹਾਦਸੇ ਵਿੱਚ ਸਵਿਫਟ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਨੌਜਵਾਨ ਇਸ ਵਿੱਚ ਫਸ ਗਏ, ਜਿਨ੍ਹਾਂ ਨੂੰ ਰਾਹਗੀਰਾਂ ਨੇ ਕੱਢ ਕੇ ਸਿਵਲ ਹਸਪਤਾਲ ਪਹੁੰਚਾਇਆ। ਪੁਲਸ ਚੌਕੀ ਸਰਹਿੰਦ ਦੇ ਇੰਚਾਰਜ ਬਲਜਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਸਰਹਿੰਦ ਦੇ ਉਜਵਲ ਸੂਦ (22), ਪਿੰਡ ਖਰੌੜੀ ਦੇ ਸੁਖਚੈਨ ਸਿੰਘ (20) ਅਤੇ ਪਿੰਡ ਨਲੀਨਾ ਕਲਾਂ ਦੇ ਅਮਿਤੋਜ ਸਿੰਘ (21) ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸਰਹਿੰਦ ਦੇ ਪੁਰਾਣੇ ਫਲਾਈ ਓਵਰ ਰੋਡ 'ਤੇ ਵਾਪਰੇ ਹਾਦਸੇ ਦੌਰਾਨ ਇੱਕ ਕਾਰ ਅਤੇ ਤੇਲ ਟੈਂਕਰ ਦੀ ਸਿੱਧੀ ਟੱਕਰ ਹੋ ਗਈ ਅਤੇ ਇਸ ਹਾਦਸੇ ਵਿੱਚ ਤਿੰਨ ਕਾਰ ਸਵਾਰ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਤਿੰਨੇ ਨੌਜਵਾਨ ਕਾਰ ਵਿੱਚ ਫਸ ਗਏ। ਉਨ੍ਹਾਂ ਨੂੰ ਸਥਾਨਕ ਲੋਕਾਂ ਨੇ ਬੜੀ ਜੱਦੋਜਹਿਦ ਬਾਅਦ ਕਾਰ ਦੀਆਂ ਤਾਕੀਆਂ ਤੋੜ ਕੇ ਬਾਹਰ ਕੱਢਿਆ ਅਤੇ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਪਹੁੰਚਾਇਆ। ਉਨ੍ਹਾਂ ਦੱਸਿਆ ਕਿ ਤੇਲ ਦਾ ਕੈਂਟਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

# ਬ੍ਰਿਟੇਨ ਦੇ ਡਿਪਟੀ ਮੰਤਰੀ ਵੱਲੋਂ ਅਸਤੀਫਾ



ਲੰਡਨ, 27 ਮਈ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਵੱਲੋਂ ਕੋਰੋਨਾ ਵਾਇਰਸ ਦੇ ਕਾਰਨ ਲਾਏ ਗਏ ਲਾਕਡਾਊਨ ਦੇ ਨਿਯਮਾਂ ਦੇ ਉਲੰਘਣ ਉਤੇ ਆਪਣੇ ਸਹਿਯੋਗੀ ਡੋਮਿਨਿਕ ਕਮਿੰਗਸ ਦਾ ਸਮਰਥਨ ਕਰਨ ਦੇ ਕਾਰਨ ਮੰਤਰੀ ਮੰਡਲ ਦੇ ਇੱਕ ਡਿਪਟੀ ਮੰਤਰੀ ਡਗਲਸ ਰਾਸ ਨੇ ਅਸਤੀਫਾ ਦੇ ਦਿੱਤਾ ਹੈ। ਰਾਸ ਸਕਾਟਲੈਂਡ ਲਈ ਉਪ ਮੰਤਰੀ ਸਨ। ਪ੍ਰਧਾਨ ਮੰਤਰੀ ਦੇ ਮੁੱਖ ਰਣਨੀਤਕ ਸਲਾਹਕਾਰ ਡੋਮਿਨਿਕ ਕਮਿੰਗਸ ਨੂੰ ਪ੍ਰੈੱਸ ਕਾਨਫਰੰਸ ਦੀ ਇਜਾਜ਼ਤ ਦਿੱਤੀ ਗਈ ਸੀ, ਜਿਸ ਦੇ ਬਾਅਦ ਉਨ੍ਹਾਂ ਨੂੰ ਸੋਮਵਾਰ ਸ਼ਾਮ ਮੀਡੀਆ ਦੇ ਕਈ ਸਵਾਲਾਂ ਦਾ ਸਾਹਮਣਾ ਕਰਨਾ ਪਿਆ।

ਪਿਛਲੇ ਕੁਝ ਦਿਨਾਂ ਤੋਂ ਕਮਿੰਗਸ ਬਾਰੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ 'ਤੇ ਆਪਣੀ ਹੀ ਪਾਰਟੀ ਅਤੇ ਦੂਸਰੇ ਦਲਾਂ ਦੇ ਨੇਤਾ ਸਵਾਲ ਉਠਾ ਰਹੇ ਸਨ। ਅਸਤੀਫਾ ਦੇਣ ਉਤੇ ਰਾਸ ਨੇ ਕਿਹਾ ਕਿ ਕੋਰੋਨਾ ਸੰਕਟ ਦੇ ਦੌਰਾਨ ਡੋਮਿਨਿਕ ਕਮਿੰਗਸ ਨੇ ਆਪਣੇ ਜੱਦੀ ਘਰ ਜਾਣ ਲਈ 400 ਕਿਲੋਮੀਟਰ ਦੀ ਯਾਤਰਾ ਕੀਤੀ ਤੇ ਉਨ੍ਹਾਂ ਵੱਲੋਂ ਦਿੱਤੇ ਗਏ ਜਵਾਬ ਤੋਂ ਬਹੁਤੇ ਲੋਕ ਸੰਤੁਸ਼ਟ ਨਹੀਂ ਹਨ। ਆਪਣੇ ਅਸਤੀਫੇ ਵਿੱਚ ਡਗਲਸ ਰਾਸ ਨੇ ਕਿਹਾ, ਹੋ ਸਕਦਾ ਹੈ ਕਿ ਉਨ੍ਹਾਂ ਦਾ ਮਕਸਦ ਚੰਗਾ ਹੋਵੇ।

ਦੂਸਰੇ ਪਾਸੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਐਲਾਨ ਕੀਤਾ ਹੈ ਕਿ ਬ੍ਰਿਟੇਨ ਵਿੱਚ ਲਾਕਡਾਊਨ ਵਿੱਚ ਢਿੱਲ ਦੀ ਯੋਜਨਾ ਹੇਠ ਸਾਰੇ ਗੈਰ ਜ਼ਰੂਰੀ ਸਾਮਾਨਾਂ ਦੀਆਂ ਰਿਟੇਲ ਦੁਕਾਨਾਂ 15 ਜੂਨ ਅਤੇ ਆਊਟਡੋਰ ਮਾਰਕੀਟ ਤੇ ਕਾਰ ਸ਼ੋਅ ਰੂਮ ਇੱਕ ਜੂਨ ਤੋਂ ਖੁੱਲ੍ਹਣਗੇ। ਬਿਜ਼ਨਸ ਸੈਕਟਰੀ ਆਲੋਕ ਸ਼ਰਮਾ ਨੇ ਕਿਹਾ ਕਿ ਇਹ ਕਾਰੋਬਾਰ ਖੋਲ੍ਹਣੇ ਸਾਡੀ ਅਰਥ ਵਿਵਸਥਾ ਨੂੰ ਫਿਰ ਉਭਾਰਨ ਲਈ ਇੱਕ ਮਹੱਤਵਪੂਰਨ ਕਦਮ ਹੋਵੇਗਾ ਤੇ ਸਾਰੇ ਬ੍ਰਿਟੇਨ ਵਿੱਚ ਲੱਖਾਂ ਰੋਜ਼ਗਾਰਾਂ ਨੂੰ ਸਪੋਰਟ ਮਿਲੇਗੀ।

# ਭਾਰਤੀ ਮੂਲ ਦੇ ਅਮਰੀਕੀ ਨੂੰ 'ਇਨਵੈਂਟਰ ਆਫ ਯੀਅਰ' ਇਨਾਮ

ਵਾਸ਼ਿੰਗਟਨ, 27 ਮਈ (ਪੋਸਟ ਬਿਊਰੋ)- ਇਲੈਕਟ੍ਰਾਨਿਕ ਇੰਡਸਟਰੀ ਨੂੰ ਹੋਰ ਅੱਗੇ ਵਧਾਉਣ ਅਤੇ ਆਰਟੀਫੀਸ਼ਲ ਇੰਟੈਲੀਜੈਂਸ ਨੂੰ ਬਿਹਤਰ ਬਣਾਉਣ ਵਿੱਚ ਯੋਗਦਾਨ ਲਈ ਭਾਰਤੀ ਮੂਲ ਦੇ ਇੱਕ ਅਮਰੀਕੀ ਵਿਗਿਆਨੀ ਰਾਜੀਵ ਜੋਸ਼ੀ ਨੂੰ ਨਾਮੀ ਇਨਵੈਂਟਰ ਆਫ ਯੀਅਰ ਪੁਰਸਕਾਰ ਦਿੱਤਾ ਗਿਆ ਹੈ।

ਡਾਕਟਰ ਜੋਸ਼ੀ ਦੇ ਨਾਂਅ 250 ਤੋਂ ਜ਼ਿਆਦਾ ਪੇਟੈਂਟ ਦਰਜ ਹਨ ਅਤੇ ਉਹ ਨਿਊ ਯਾਰਕ ਵਿੱਚ ਆਈ ਬੀ ਐੱਮ ਥਾਮਸਨ ਵਾਟਸਨ ਖੋਜ ਕੇਂਦਰ ਵਿੱਚ ਕੰਮ ਕਰਦੇ ਹਨ। ਉਨ੍ਹਾਂ ਨੂੰ ਮਈ ਦੇ ਸ਼ੁਰੂ ਵਿੱਚ ਨਿਊ ਯਾਰਕ ਇੰਟਲੈਕਚੂਅਲ ਪ੍ਰਾਪਰਟੀ ਲਾਅ ਐਸੋਸੀਏਸ਼ਨ ਨੇ ਇੱਕ ਵਰਚੂਅਲ ਸਮਾਗਮ



ਵਿੱਚ ਨਾਮੀ ਸਾਲਾਨਾ ਇਨਾਮ ਦਿੱਤਾ ਸੀ। ਆਈ ਆਈ ਟੀ ਮੁੰਬਈ ਦੇ ਵਿਦਿਆਰਥੀ ਰਹੇ ਜੋਸ਼ੀ ਨੇ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ (ਐੱਮ ਆਈ ਟੀ) ਤੋਂ ਐੱਮ ਐੱਸ ਦੀ ਡਿਗਰੀ ਅਤੇ ਕੋਲੰਬੀਆ ਯੂਨੀਵਰਸਿਟੀ, ਨਿਊ ਯਾਰਕ ਤੋਂ ਮਕੈਨੀਕਲ, ਇਲੈਕਟ੍ਰੀਕਲ ਇੰਜੀਨੀਅਰਿੰਗ ਵਿੱਚ ਪੀ ਐੱਚ ਡੀ ਦੀ ਡਿਗਰੀ ਹਾਸਲ ਕੀਤੀ ਹੈ। ਜੋਸ਼ੀ ਨੇ ਪਿੱਛੇ ਜਿਹੇ ਇੱਕ ਇੰਟਰਵਿਊ ਦੌਰਾਨ ਦੱਸਿਆ ਸੀ ਕਿ ਉਨ੍ਹਾਂ ਨੂੰ ਜ਼ਰੂਰਤ ਅਤੇ ਜਿਗਿਆਸਾ ਪ੍ਰੇਰਿਤ ਕਰਦੇ ਹਨ। ਉਨ੍ਹਾਂ ਨੇ ਕਿਹਾ ਸੀ ਕਿ ਕਿਸੇ ਸਮੱਸਿਆ ਦੀ ਪਛਾਣ ਕਰਨ ਅਤੇ ਕੁਝ ਹਟ ਕੇ ਸੋਚਣ ਨਾਲ ਉਨ੍ਹਾਂ ਨੂੰ ਨਵੇਂ ਵਿਚਾਰਾਂ ਤੱਕ ਪੁੱਜਣ ਵਿੱਚ ਮਦਦ ਮਿਲਦੀ ਹੈ। ਜੋਸ਼ੀ ਨੇ ਕਿਹਾ ਕਿ ਉਨ੍ਹਾਂ ਦੇ ਮਾਤਾ-ਪਿਤਾ ਨੇ ਉਨ੍ਹਾਂ ਨੂੰ ਹਮੇਸ਼ਾ ਮਰਕੋਨੀ, ਮੈਡਮ ਕਿਊਰੀ, ਰਾਈਟ ਬ੍ਰਦਰਜ਼, ਜੇਮਜ ਵਾਟ, ਅਲੈਗਜ਼ੈਂਡਰ ਬੈਲ, ਥਾਮਸ ਐਡੀਸਨ ਤੇ ਹੋਰ ਮਹਾਨ ਹਸਤੀਆਂ ਅਤੇ ਉਨ੍ਹਾਂ ਦੀਆਂ ਖੋਜਾਂ ਦੀਆਂ ਕਹਾਣੀਆਂ ਸੁਣਾਈਆਂ। ਉਨ੍ਹਾਂ ਦੀ ਸਫਲਤਾ ਦੀਆਂ ਕਹਾਣੀਆਂ ਅਤੇ ਖੋਜਾਂ ਨੇ ਅਸਲ ਵਿੱਚ ਜੋਸ਼ੀ ਦੀ ਵਿਚਾਰ ਪ੍ਰਕਿਰਿਆ ਨੂੰ ਆਕਾਰ ਦਿੱਤਾ।

# ਚੀਨ ਦੀ ਲਾਪਤਾ 'ਬੈਟ ਵੂਮੈਨ' ਫਿਰ ਨਜ਼ਰ ਆਈ

* ਕੋਰੋਨਾ ਦੀ ਵੱਡੀ ਸਮੱਸਿਆ ਨੂੰ ਉਸ ਨੇ ਛੋਟੀ ਜਿਹੀ ਝਲਕ ਕਿਹਾ

ਬੀਜਿੰਗ, 27 ਮਈ (ਪੋਸਟ ਬਿਊਰੋ)- ਇੱਕ ਪ੍ਰਮੁੱਖ ਚੀਨੀ ਵੀਰੋਲੋਜਿਸਟ, ਜਿਸ ਦੇ ਭੇਦਭਰੇ ਤਰੀਕੇ ਨਾਲ ਲਾਪਤਾ ਹੋਣ ਤੋਂ ਵੁਹਾਨ ਦੀ ਲੈਬਾਰਟਰੀ 'ਚੋਂ ਨਿਕਲੇ ਕੋਰੋਨਾ ਵਾਇਰਸ ਬਾਰੇ ਅਟਕਲਾਂ ਲੱਗ ਰਹੀਆ ਸਬ, ਪਹਿਲੀ ਵਾਰ ਚੀਨ ਦੇ ਸਰਕਾਰੀ ਟੀ ਵੀ ਉੱਤੇ ਇੰਟਰਵਿਊ ਦੌਰਾਨ ਨਜ਼ਰ ਆਈ, ਜਿੱਥੇ ਉਸ ਨੇ ਚਿਤਾਵਨੀ ਦਿੱਤੀ ਕਿ ਅਜਿਹੇ ਵਾਇਰਸ 'ਵੱਡੀ ਸਮੱਸਿਆ ਦੀ ਇੱਕ ਛੋਟੀ ਜਿਹੀ ਝਲਕ' (ਟਿਪ ਆਫ਼ ਆਈਸਬਰਗ) ਹਨ ਅਤੇ ਉਸ ਨੇ ਵਿਗਿਆਨ ਦਾ ਸਿਆਸੀਕਰਨ ਹੋਣ 'ਤੇ



ਦੁੱਖ ਪ੍ਰਗਟਾਇਆ ਹੈ।

ਸ਼ੀ ਝੇਂਗਲੀ ਨੂੰ ਚਮਗਿੱਦੜ ਤੇ ਉਸ ਨਾਲ ਸਬੰਧਿਤ ਵਾਇਰਸ 'ਤੇ ਖੋਜ ਲਈ 'ਬੈਟ ਵੂਮੈਨ' ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਇਸ ਮਹੀਨੇ ਦੇ ਸ਼ੁਰੂ 'ਚ ਪਹਿਲਾਂ ਹੀ ਆਪਣੇ ਚੀਨੀ ਸੋਸ਼ਲ ਮੀਡੀਆ ਅਕਾਊਂਟ 'ਤੇ ਉਸ ਖ਼ਿਲਾਫ਼ ਫੈਲਾਈਆਂ ਅਫ਼ਵਾਹਾਂ ਦਾ ਖੰਡਨ ਕਰ ਦਿੱਤਾ ਸੀ। ਟੀ ਵੀ ਇੰਟਰਵਿਊ ਦੌਰਾਨ ਉਸ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਾਅਵਿਆ ਦਾ ਸਿੱਧਾ ਹਵਾਲਾ ਦਿੱਤਾ ਕਿ ਕੋਰੋਨਾ ਦੀ ਉਤਪਤੀ ਵੁਹਾਨ ਇੰਸਟੀਚਿਊਟ ਵੀਰੋਲੋਜੀ ਤੋਂ ਹੋਈ ਹੈ, ਜਿੱਥੇ ਉਹ ਚਮਗਿਦੜਾਂ 'ਤੇ ਮੋਹਰੀ ਖੋਜਕਰਤਾ ਹੈ ਅਤੇ ਉਸ ਨੇ ਇਨ੍ਹਾਂ ਦਾਅਵਿਆਂ ਦਾ ਖੰਡਨ ਕੀਤਾ ਹੈ।

# ਭਾਰਤੀ ਮੂਲ ਦੀ ਕੰਪਨੀ ਨੇ ਸਸਤਾ ਵੈਂਟੀਲੇਟਰ ਬਣਾ ਲਿਆ

ਵਾਸ਼ਿੰਗਟਨ, 27 ਮਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਇੱਕ ਅਮਰੀਕੀ ਜੋੜੇ ਨੇ ਸਸਤਾ ਪੋਰਟੇਬਲ ਐਮਰਜੈਂਸੀ ਵੈਂਟੀਲੇਟਰ ਬਣਾ ਲਿਆ ਹੈ। ਸਭ ਕੁਝ ਠੀਕ ਰਿਹਾ ਤਾਂ ਛੇਤੀ ਹੀ ਇਸ ਦਾ ਉਤਪਾਦਨ ਸ਼ੁਰੂ ਹੋ ਜਾਵੇਗਾ ਤੇ ਭਾਰਤ ਸਮੇਤ ਸਾਰੇ ਵਿਕਾਸਸ਼ੀਲ ਦੇਸ਼ਾਂ ਵਿੱਚ ਘੱਟ ਕੀਮਤ 'ਤੇ ਇਹ ਮਿਲ ਸਕੇਗਾ।

ਮਸ਼ਹੂਰ ਜਾਰਜੀਆ ਟੈਕ ਵੁਡਰਫ ਸਕੂਲ ਆਫ ਮਕੈਨੀਕਲ ਇੰਜੀਨੀਅਰਿੰਗ ਦੇ ਪ੍ਰੋਫੈਸਰ ਦੇਵੇਸ਼ ਰੰਜਨ ਅਤੇ ਅਟਲਾਂਟਾਂ ਵਿੱਚ ਫਿਜ਼ੀਸ਼ੀਅਨ ਵਜੋਂ ਕੰਮ ਕਰਦੀ ਉਨ੍ਹਾਂ ਦੀ ਪਤਨੀ ਕੁਮੁਦ ਰੰਜਨ ਨੇ ਸਿਰਫ ਤਿੰਨ ਹਫਤੇ ਦੇ ਅੰਦਰ ਇਹ ਐਮਰਜੈਂਸੀ ਵੈਂਟੀਲੇਟਰ ਬਣਾ ਲਿਆ ਹੈ। ਪ੍ਰੋਫੈਸਰ ਰੰਜਨ ਨੇ ਦੱਸਿਆ ਕਿ ਜੇ ਤੁਸੀਂ ਵੱਡੇ ਪੱਧਰ 'ਤੇ ਇਸ ਦਾ



ਉਤਪਾਦਨ ਕਰਦੇ ਹੋ ਤਾਂ ਇਹ 100 ਡਾਲਰ ਤੋਂ ਵੀ ਘੱਟ ਉੱਤੇ ਤਿਆਰ ਕੀਤਾ ਜਾ ਸਕਦਾ ਹੈ। ਜੇ ਇਸ ਨੂੰ ਬਣਾਉਣ ਵਾਲੀ ਕੰਪਨੀ 500 ਡਾਲਰ ਵਿੱਚ ਵੀ ਇਸ ਨੂੰ ਵੇਚਦੀ ਹੈ ਤਾਂ ਇਸ ਨੂੰ ਚੰਗਾ ਮੁਨਾਫਾ ਹੋਵੇਗਾ। ਰੰਜਨ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਵੈਂਟੀਲੇਟਰ ਦੀ ਅਮਰੀਕਾ 'ਚ ਕੀਮਤ ਕਰੀਬ ਦਸ ਹਜ਼ਾਰ ਡਾਲਰ ਹੈ। ਉਨ੍ਹਾਂ ਨੇ ਸਾਫ ਕੀਤਾ ਕਿ ਵਿਕਸਤ ਵੈਂਟੀਲੇਟਰ ਆਈ ਸੀ ਯੂ ਵੈਂਟੀਲੇਟਰ ਨਹੀਂ, ਜਿਹੜਾ ਨਾ ਸਿਰਫ ਵਧੇਰੇ ਆਧੁਨਿਕ ਹੁੰਦਾ ਹੈ ਸਗੋਂ ਉਸ ਦੀ ਕੀਮਤ ਵੀ ਵੱਧ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਇਹ ਓਪਨ-



ਏਅਰਵੈਂਟਜੀਟੀ ਵੈਂਟੀਲੇਟਰ ਸਾਹ ਦੀ ਬਿਮਾਰੀ ਨਾਲ ਨਜਿੱਠਣ ਲਈ ਬਣਾਇਆ ਗਿਆ ਹੈ ਜਿਹੜਾ ਕੋਰੋਨਾ ਮਰੀਜ਼ਾਂ ਵਿੱਚ ਆਮ ਲੱਛਣ ਹੈ। ਇਸ ਬਿਮਾਰੀ ਨਾਲ ਮਰੀਜ਼ ਦੇ ਫੇਫੜੇ ਆਕੜ ਜਾਂਦੇ ਹਨ ਤੇ ਉਨ੍ਹਾਂ ਨੂੰ ਸਾਹ ਲੈਣ ਲਈ ਵੈਂਟੀਲੇਟਰ 'ਤੇ ਰੱਖਣ ਦੀ ਲੋੜ ਪੈਂਦੀ ਹੈ।

ਜਾਰਜੀਆ ਇੰਸਟੀਚਿਊਟ ਆਫ ਟੈਕਨਾਲੋਜੀ ਵਿੱਚ ਬਣਾਏ ਗਏ ਇਸ ਵੈਂਟੀਲੇਟਰ 'ਚ ਇਲੈਕਟ੍ਰਾਨਿਕ ਸੈਂਸਰ ਤੇ ਕੰਪਿਊਟਰ ਕੰਟਰੋਲ ਦੀ ਵਰਤੋਂ ਕੀਤੀ ਗਈ ਹੈ, ਜਿਹੜੇ ਅਹਿਮ ਕਲੀਨੀਕਲ ਮਾਪਦੰਡਾਂ ਜਿਵੇਂ ਸਾਹ ਚੱਲਣ ਦੀ ਰਫਤਾਰ, ਹਰੇਕ ਚੱਕਰ 'ਚ ਫੇਫੜਿਆਂ 'ਚ ਆਉਣ-ਜਾਣ ਵਾਲੀ ਹਵਾ, ਸਾਹ ਲੈਣਾ-ਛੱਡਣਾ ਅਤੇ ਫੇਫੜਿਆਂ 'ਤੇ ਦਬਾਅ ਨੂੰ ਦੇਖਦੇ ਹਨ। ਰੰਜਨ ਨੇ ਦੱਸਿਆ ਕਿ ਘਾਨਾ ਤੇ ਭਾਰਤ ਵਿੱਚ ਮੈਨੂਫੈਕਚਰਿੰਗ ਪਲਾਂਟ ਲਾਉਣ ਲਈ ਜਾਰਜੀਆ ਟੈਕ ਦੇ ਸਾਬਕਾ ਵਿਦਿਆਰਥੀਆਂ ਨਾਲ ਸੰਪਰਕ ਕੀਤਾ ਹੈ। ਜੋੜੇ ਦਾ ਮੰਨਣਾ ਹੈ ਕਿ ਭਾਰਤ ਕੋਲ ਘੱਟ ਕੀਮਤ ਵਾਲੇ ਵੈਂਟੀਲੇਟਰ ਬਣਾਉਣ ਤੇ ਵਿਸ਼ਵ ਭਰ ਵਿੱਚ ਸਸਤੇ ਦਰਾਂ 'ਤੇ ਉਸ ਦੀ ਬਰਾਮਦ ਕਰਨ ਦੀ ਸਮਰੱਥਾ ਹੈ।

ਬਿਹਾਰ ਦੀ ਰਾਜਧਾਨੀ ਪਟਨਾ 'ਚ ਪਲੇ ਹੋਏ ਰੰਜਨ ਨੇ ਤ੍ਰਿਚੀ ਦੇ ਰੀਜਨਲ ਇੰਜੀਨੀਅਰਿੰਗ ਕਾਲਜ ਬਿਹਾਰ ਤੋਂ ਇੰਜੀਨੀਅਰਿੰਗ ਵਿੱਚ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਡਿਗਰੀ ਲੈਣ ਪਿੱਛੋਂ ਯੂਨੀਵਰਸਿਟੀ ਆਫ ਵਿਸਕਾਨਸਨ-ਮੈਡੀਸਨ ਤੋਂ ਪੀ ਐਚ ਡੀ ਕੀਤੀ ਅਤੇ ਪਿਛਲੇ ਛੇ ਸਾਲ ਤੋਂ ਜਾਰਜੀਆ ਟੈੱਕ ਵਿੱਚ ਪੜ੍ਹਾ ਰਹੇ ਹਨ। ਉਨ੍ਹਾਂ ਦੀ ਪਤਨੀ ਕੁਮੁਦ ਛੇ ਸਾਲ ਦੀ ਉਮਰ ਵਿੱਚ ਰਾਂਚੀ ਤੋਂ ਆਪਣੇ ਮਾਤਾ-ਪਿਤਾ ਨਾਲ ਅਮਰੀਕਾ ਗਈ ਸੀ। ਉਨ੍ਹਾਂ ਨੇ ਆਪਣੀ ਮੈਡੀਕਲ ਟਰੇਨਿੰਗ ਤੇ ਰੈਜ਼ੀਡੈਂਸੀ ਨਿਊਜਰਸੀ 'ਚ ਪੂਰੀ ਕੀਤੀ ਹੈ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment


(416) 970-5005

Century 21
President Realty Inc
Brokerage*
Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348


# ਫਿਲਮੀ ਦੁਨੀਆ



## ਕਿਰਦਾਰ ਲਈ 'ਪਾਤਾਲ ਲੋਕ' ਵਿੱਚ ਪੀਤੀ ਸਿਗਰਟ : ਜਗਜੀਤ ਸੰਧੂ

ਪੰਜਾਬੀ ਸਿਨੇਮਾ ਤੋਂ ਹਿੰਦੀ ਇੰਡਸਟਰੀ ਵੱਲ ਜਾ ਚੁੱਕੇ ਅਭਿਨੇਤਾ ਜਗਜੀਤ ਸੰਧੂ 'ਪਾਤਾਲ ਲੋਕ' ਵੈੱਬ ਸੀਰੀਜ਼ ਨਾਲ ਆਪਣੀ ਪਛਾਣ ਬਣਾ ਚੁੱਕੇ ਹਨ। ਉਨ੍ਹਾਂ ਦਾ ਕਿਰਦਾਰ ਤੋਪ ਸਿੰਘ ਕਾਫੀ ਚਰਚਾ ਵਿੱਚ ਹੈ। ਉਂਜ ਜਗਜੀਤ ਦੇ ਲਈ ਉਸ ਵਿੱਚ ਇੱਕ ਸੀਨ ਕਰਨਾ ਬੇਹੱਦ ਮੁਸ਼ਕਲ ਸੀ। ਸ਼ੋਅ ਵਿੱਚ ਜਗਜੀਤ ਦੇ ਕਿਰਦਾਰ ਨੂੰ ਸਿਗਰਟ ਦੀ ਪੀਣ ਦੀ ਆਦਤ ਹੁੰਦੀ ਹੈ, ਜਦ ਕਿ ਅਸਲ ਜ਼ਿੰਦਗੀ ਵਿੱਚ ਜਗਜੀਤ ਸਿਗਰਟ ਕਦੇ ਨਹੀਂ ਪੀਂਦੇ। ਉਨ੍ਹਾਂ ਦਾ ਕਹਿਣਾ ਹੈ ਕਿ ਆਡੀਸ਼ਨ ਵਿੱਚ ਮੈਂ ਸਿਗਰਟ ਦਾ ਕਸ਼ ਅੰਦਰ ਨਹੀਂ ਲੈਂਦਾ ਸੀ, ਪਰ ਸੀਨ ਵਿੱਚ ਅਸਲੀਅਤ ਦਿਖਾਉਣ ਲਈ ਕਸ਼ ਲੈਣਾ ਪਿਆ, ਜਿਸ ਦੇ ਕਾਰਨ ਕਾਫੀ ਦਿੱਕਤਾਂ ਹੋ ਗਈਆਂ ਸਨ।

ਜਗਜੀਤ ਦੱਸਦੇ ਹਨ ਕਿ ਉਹ ਆਪਣਾ ਕੰਮ ਬਹੁਤ ਚੁਣ ਕੇ ਕਰਦੇ ਹਨ। ਉਹ ਹਰ ਪ੍ਰੋਜੈਕਟ ਦੇ ਲਈ ਆਡੀਸ਼ਨ ਨਹੀਂ ਦਿੰਦੇ। ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਕਿਰਦਾਰ ਉਨ੍ਹਾਂ ਲਈ ਬਿਹਤਰ ਹੈ ਤਾਂ ਉਹ ਆਡੀਸ਼ਨ ਦਿੰਦੇ ਹਨ। ਜਗਜੀਤ ਦਾ ਕਹਿਣਾ ਹੈ ਕਿ ਮੈਂ ਪੈਸਿਆਂ ਦੇ ਪਿੱਛੇ ਨਹੀਂ ਦੌੜਦਾ। ਅਕਸਰ ਪੰਜਾਬ ਦੇ ਕਲਾਕਾਰ ਐਕਟਿੰਗ ਦੇ ਇਲਾਵਾ ਗਾਣੇ ਵੀ ਗਾਉਂਦੇ ਹਨ, ਪਰ ਜਗਜੀਤ ਨੇ ਤੈਅ ਕੀਤਾ ਹੋਇਆ ਸੀ ਕਿ ਆਪਣੀ ਐਕਟਿੰਗ ਦੇ ਦਮ 'ਤੇ ਇੰਡਸਟਰੀ ਵਿੱਚ ਆਉਣਗੇ ਤੇ ਗਾਣਾ ਨਹੀਂ ਗਾਉਣਗੇ। ਹਿੰਦੀ ਫਿਲਮ ਇੰਡਸਟਰੀ ਵਿੱਚ ਜਗਜੀਤ ਇਰਫਾਨ ਦੇ ਨਾਲ ਕੰਮ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਦੀ ਇਹ ਇੱਛਾ ਅਧੂਰੀ ਰਹਿ ਗਈ।



## ਬਤੌਰ ਅਭਿਨੇਤਾ ਸੰਘਰਸ਼ ਹੀ ਮੇਰੇ ਲਈ ਬੈਂਕ ਹੈ : ਵਿਨੀਤ

*ਸ਼ਾਹਰੁਖ ਖਾਨ ਦੇ ਹੋਮ ਪ੍ਰੋਡਕਸ਼ਨ ਰੈਡ ਚਿਲੀਜ਼ ਦੀ ਵੈੱਬ ਸੀਰੀਜ਼ 'ਬਾਰਡ ਆਫ ਬਲਡ' ਵਿੱਚ ਅਭਿਨੇਤਾ ਵਿਨੀਤ ਕੁਮਾਰ ਸਿੰਘ ਨੇ ਖੁਫੀਆ ਏਜੰਟ ਦੀ ਭੂਮਿਕਾ ਨਿਭਾਈ ਸੀ। ਅੱਗੋਂ ਉਸੇ ਪ੍ਰੋਡਕਸ਼ਨ ਦੀ ਵੈੱਬ ਸੀਰੀਜ਼ 'ਬੇਤਾਲ' ਵਿੱਚ ਉਹ ਵਿਕਰਮ ਸਿਰੋਹੀ ਦੇ ਕਿਰਦਾਰ ਵਿੱਚ ਹਨ। ਪਿਛਲੇ 18 ਸਾਲਾਂ ਤੋਂ ਐਕਟਿੰਗ ਖੇਤਰ ਵਿੱਚ ਸਰਗਰਮ ਹਨ। ਪੇਸ਼ ਹਨ ਵਨੀਤ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :*

** 'ਬੇਤਾਲ' ਅਤੇ 'ਬਾਰਡ ਆਫ ਬਲਡ' ਵਿੱਚ ਕੰਮ ਕਰਨ ਦਰਮਿਆਨ ਕੋਈ ਕੜੀ ਹੈ?*

-ਕਰੀਅਰ ਦੇ ਪੱਖ ਤੋਂ 'ਬਾਰਡ ਆਫ ਬਲਡ' ਅਤੇ ਫਿਲਮ 'ਮੁੱਕਾਬਾਜ਼' ਨੇ ਮੇਰੇ ਲਈ ਕਈ ਮੌਕੇ ਦਿੱਤੇ। 'ਬਾਰਡ ਆਫ ਬਲਡ' ਦੇ ਬਾਅਦ ਇਸ ਵੈਬ ਸੀਰੀਜ਼ ਲਈ ਮੈਨੂੰ ਰੈੱਡ ਚਿਲੀਜ਼ ਨੇ ਸੰਪਰਕ ਕੀਤਾ। ਸਕ੍ਰਿਪਟ ਪਸੰਦ ਆਈ, ਤਾਂ ਮੈਂ ਹਾਂ ਕਰ ਦਿੱਤੀ।

** ਹਾਰਰ ਕੰਟੈਂਟ ਨਾਲ ਕਿਹੋ ਜਿਹਾ ਲਗਾਅ ਰਿਹਾ?*

– ਇਸ ਤੋਂ ਪਹਿਲਾਂ ਮੈਂ ਕਿਸੇ ਹਾਰਰ ਫਿਲਮ ਵਿੱਚ ਕੰਮ ਨਹੀਂ ਕੀਤਾ। ਮੈਂ ਇਸ ਵਿੱਚ ਖੁਦ ਨੂੰ ਅਜਮਾਉਣਾ ਚਾਹੁੰਦਾ ਸੀ। ਹਾਂ, ਮੈਂ ਕਈ ਹਾਰਰ ਫਿਲਮਾਂ ਅਤੇ ਸੀਰੀਜ਼ ਦੇਖੀਆਂ ਹਨ। ਬਚਪਨ ਵਿੱਚ ਦਾਦਾ ਜੀ ਤੋਂ ਡਰਾਉਣੀ ਕਹਾਣੀਆਂ ਸੁਣੀਆਂ। ਮੈਡੀਕਲ ਦੀ ਪੜ੍ਹਾਈ ਦੌਰਾਨ ਜੂਨੀਅਰ ਵਿਦਿਆਰਥੀਆਂ ਨੂੰ ਡਰਾਇਆ ਵੀ।

** 18 ਸਾਲਾਂ ਦੇ ਕਰੀਅਰ ਵਿੱਚ ਇੰਡਸਟਰੀ ਦੇ ਗਣਿਤ ਨੂੰ ਕਿੰਨਾ ਕੁ ਸਮਝਿਆ? ਸੰਘਰਸ਼ ਨੂੰ ਕਿਵੇਂ ਦੇਖਦੇ ਹੋ?*

-ਇਹੀ ਕਿ ਆਪਣਾ ਕੰਮ ਮਿਹਨਤ, ਇਮਾਨਦਾਰੀ ਅਤੇ ਪੂਰੇ ਭਰੋਸੇ ਨਾਲ ਕਰਨਾ ਚਾਹੀਦਾ ਹੈ। ਇਸ ਨਾਲ ਕਦੇ ਨਾ ਕਦੇ ਲੋਕਾਂ ਦੀ ਨਜ਼ਰ ਸਾਡੇ ਕੰਮ 'ਤੇ ਪਵੇਗੀ ਹੀ ਅਤੇ ਉਨ੍ਹਾਂ ਦਾ ਭਰੋਸਾ ਵਧੇਗਾ। ਕਰੀਅਰ ਦੇ ਸ਼ੁਰੂ ਵਿੱਚ ਮੈਂ ਇੰਡਸਟਰੀ ਵਿੱਚ ਕਿਸੇ ਨੂੰ ਨਹੀਂ ਜਾਣਦਾ ਸੀ। ਮੈਂ ਹਰ ਕੰਮ ਪੂਰੀ ਇਮਾਨਦਾਰੀ ਨਾਲ ਕੀਤਾ। ਫਿਲਮ 'ਪਿਤਾ' ਵਿੱਚ ਪਹਿਲੀ ਵਾਰ ਕੰਮ ਦਾ ਮੌਕਾ ਮਿਲਿਆ। ਇਸ ਦੇ ਪਹਿਲਾਂ ਲੋਕ ਮੈਨੂੰ ਮੈਡੀਕਲ ਵਿਦਿਆਰਥੀ ਕਹਿ ਕੇ ਭਜਾ ਦਿੰਦੇ ਸਨ।

** ਇਸ ਸੀਰੀਜ਼ ਦੇ ਲਈ ਸ਼ਾਹਰੁਖ ਖਾਨ ਤੋਂ ਕਿਸ ਤਰ੍ਹਾਂ ਦੇ ਨਿਰਦੇਸ਼ ਮਿਲੇ?*

– ਸ਼ਾਹਰੁਖ ਖਾਨ ਜਦ 'ਬੇਤਾਲ' ਦੇ ਸੈੱਟ 'ਤੇ ਆਏ ਤਾਂ ਮੈਂ ਗੱਡੀ ਖਰੀਦਣ ਗਿਆ ਸੀ। ਮੇਰੇ ਪਹੁੰਚਦੇ ਸਾਰ ਹੀ ਉਨ੍ਹਾਂ ਨੇ ਪੁੱਛਿਆ ਕਿ ਗੱਡੀ ਲੈ ਲਈ? ਇਸ ਦੇ ਬਾਅਦ ਸਟੂਡੀਓ ਵਿੱਚ ਉਨ੍ਹਾਂ ਨੇ ਸਾਡੇ ਨਾਲ ਕਾਫੀ ਸਮਾਂ ਬਿਤਾਇਆ।

** ਇਸ ਦੌਰ ਵਿੱਚ ਕੀ ਗੱਲ ਸਿੱਖੀ?*

– ਜ਼ਿੰਦਗੀ ਦੀ ਅੰਨ੍ਹੀ ਦੌੜ ਵਿੱਚ ਸ਼ਾਮਲ ਹੋ ਕੇ ਸਾਨੂੰ ਆਪਣੇ ਆਸਪਾਸ ਦੇ ਲੋਕਾਂ ਨੂੰ ਨਹੀਂ ਭੁੱਲਣਾ ਚਾਹੀਦਾ। ਧਰਤੀ 'ਤੇ ਸਾਰੇ ਇਨਸਾਨ ਇੱਕ ਜਿਹੋ ਹਨ। ਇੱਕ ਦੀ ਜ਼ਿੰਦਗੀ ਵਿੱਚ ਹੋਣ ਵਾਲੀਆਂ ਘਟਨਾਵਾਂ ਦਾ ਅਸਰ ਦੂਸਰਿਆਂ ਦੀ ਜ਼ਿੰਦਗੀ ਵਿੱਚ ਵੀ ਪੈਂਦਾ ਹੈ।

## 'ਵਰਜਿਨ ਭਾਨੂਪ੍ਰਿਆ' ਵੀ ਡਿਜੀਟਲ ਪਲੇਟਫਾਰਮ 'ਤੇ ਹੀ ਰਿਲੀਜ਼ ਹੋਵੇਗੀ



ਥੀਏਟਰਾਂ ਦੇ ਖੁੱਲ੍ਹਣ ਦੀ ਬੇਯਕੀਨੀ ਦੇਖਦੇ ਹੋਏ 'ਗੁਲਾਬੋ ਸਿਤਾਬੋ' ਅਤੇ 'ਸ਼ਕੁੰਤਲਾ ਦੇਵੀ' ਦੇ ਬਾਅਦ ਉਰਵਸ਼ੀ ਰੌਤੇਲਾ ਦੀ ਫਿਲਮ 'ਵਰਜਿਨ ਭਾਨੂਪ੍ਰਿਆ' ਵੀ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਹੋਵੇਗੀ। ਇਹ 12 ਜੂਨ ਨੂੰ ਥੀਏਟਰਾਂ ਵਿੱਚ ਰਿਲੀਜ਼ ਹੋਣ ਵਾਲੀ ਸੀ, ਪਰ ਕੋਰੋਨਾ ਦੇ ਕਾਰਨ ਥੀਏਟਰ ਜਲਦੀ ਖੁੱਲ੍ਹਣ ਦੇ ਆਸਾਰ ਨਹੀਂ ਨਜ਼ਰ ਆਏ। ਅਜਿਹੇ ਵਿੱਚ ਫਿਲਮ ਨਿਰਮਾਤਾਵਾਂ ਨੇ ਇਸ ਨੂੰ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰਨ ਦਾ ਫੈਸਲਾ ਕੀਤਾ ਹੈ। ਇਹ ਕਦੋਂ ਅਤੇ ਕਿਸ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਹੋਵੇਗੀ, ਇਸ ਦੇ ਬਾਰੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ। 'ਵਰਜਿਨ ਭਾਨੂਪ੍ਰਿਆ' ਕਾਲਜ ਵਿੱਚ ਪੜ੍ਹਨ ਵਾਲੀ ਇੱਕ ਲੜਕੀ ਦੀ ਕਹਾਣੀ ਹੈ। ਸਿਰਲੇਖ ਦੇ ਉਲਟ ਨਿਰਮਾਤਾ ਇਸ ਫਿਲਮ ਨੂੰ ਪਰਵਾਰਕ ਕਾਮੇਡੀ ਫਿਲਮ ਦੱਸਦੇ ਹਨ। ਇਸ ਫਿਲਮ ਵਿੱਚ ਉਰਵਸ਼ੀ ਰੌਤੇਲਾ ਦੇ ਨਾਲ ਗੌਤਮ ਗੁਲਾਟੀ ਅਤੇ ਅਰਚਨਾ ਪੂਰਨ ਸਿੰਘ ਮੁੱਖ ਭੂਮਿਕਾਵਾਂ ਵਿੱਚ ਹਨ।

## ਬਣ ਸਕਦਾ ਹੈ 'ਸਪੈਸ਼ਲ ਐਪਸ' ਦਾ ਦੂਸਰਾ ਸੀਜ਼ਨ



ਵੈੱਬ ਸ਼ੋਅ ਦੀ ਖਾਸੀਅਤ ਇਹ ਹੈ ਕਿ ਜੇ ਉਸ ਨੂੰ ਪਸੰਦ ਕੀਤਾ ਜਾਂਦਾ ਹੈ ਤਾਂ ਉਸ ਦੇ ਨਵੇਂ ਸੀਜ਼ਨ ਬਣਾਉਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਪਿਛਲੇ ਦਿਨਾਂ ਵਿੱਚ ਕਈ ਵੈੱਬ ਸ਼ੋਅ ਦੇ ਸੀਜਨ ਰਿਲੀਜ਼ ਹੋਏ ਹਨ। ਲਾਕਡਾਊਨ ਵਿੱਚ ਆਏ ਵੈੱਬ ਸ਼ੋਅ 'ਸਪੈਸ਼ਲ ਆਪਸ' ਨੂੰ ਦਰਸ਼ਕਾਂ ਦੀ ਚੰਗੀ ਪ੍ਰਤੀਕਿਰਿਆ ਮਿਲੀ ਸੀ। ਇਸ ਵੈਬ ਸ਼ੋਅ ਦੀ ਕਹਾਣੀ ਸਾਲ 2001 ਵਿੱਚ ਪਾਰਲੀਮੈਂਟ 'ਤੇ ਹਮਲਾ ਕਰਨ ਵਾਲੇ ਅੱਤਵਾਦੀਆਂ ਦੇ ਆਕਾ ਨੂੰ ਫੜਨ ਦੇ ਮਿਸ਼ਨ ਉਤੇ ਹੈ। ਸ਼ੋਅ ਦਾ ਨਿਰਦੇਸ਼ਨ ਨੀਰਜ ਪਾਂਡੇ ਅਤੇ ਸ਼ਿਵਮ ਨਾਇਰ ਨੇ ਸਾਂਝੇ ਰੂਪ ਵਿੱਚ ਕੀਤਾ ਸੀ। ਸ਼ਿਵਮ ਦਾ ਕਹਿਣਾ ਹੈ ਕਿ ਇਸ ਦਾ ਦੂਸਰਾ ਸੀਜਨ ਬਣਾਉਣ ਦੀਆਂ ਸੰਭਾਵਨਾਵਾਂ ਹਨ। ਪਹਿਲਾ ਸੀਜਨ ਖਾਸ ਮਿਸ਼ਨ 'ਤੇ ਸੀ, ਜੋ ਪੂਰਾ ਹੋ ਚੁੱਕਾ ਹੈ, ਪਰ ਜਿਵੇਂ ਸ਼ੋਅ ਦੇ ਨਾਂਅ ਤੋਂ ਪਤਾ ਲੱਗਦਾ ਹੈ ਕਿ ਇਹ ਸਪੈਸ਼ਲ ਆਪਰੇਸ਼ਨਜ ਦੀ ਕਹਾਣੀ ਹੈ। ਅਜਿਹੇ ਵਿੱਚ ਅਲੱਗ ਅਲੱਗ ਆਪਰੇਸ਼ਨਜ਼ 'ਤੇ ਕਹਾਣੀਆਂ ਬਣਾਈਆਂ ਜਾ ਸਕਦੀਆਂ ਹਨ। ਜਿੱਥੋਂ ਤੱਕ ਗੱਲ ਹੈ ਕਿਰਦਾਰਾਂ ਦੀ ਤਾਂ ਪਹਿਲੇ ਸੀਜਨ ਦੇ ਜੋ ਦਿਲਚਸਪ ਕਿਰਦਾਰ ਹੋਣਗੇ, ਉਹ ਦੂਸਰੇ ਸੀਜਨ ਦੀ ਕਹਾਣੀ ਵਿੱਚ ਸ਼ਾਮਲ ਕੀਤੇ ਜਾਣਗੇ। ਲਾਕਡਾਊਨ ਨਾਲ ਚੀਜ਼ਾਂ ਕਾਫੀ ਰੁਕੀਆਂ ਹੋਈਆਂ ਹਨ। ਜਦ ਮਾਹੌਲ ਨਾਰਮਲ ਹੋਵੇਗਾ, ਉਸ ਬਾਰੇ ਸੋਚਿਆ ਜਾਏਗਾ। 'ਸਪੈਸ਼ਲ ਆਪਸ' ਵਿੱਚ ਕੇ ਕੇ ਮੈਨਨ, ਕਰਣ ਟੈਕਰ, ਵਿਨੇ ਪਾਠਕ, ਸਿਆਮੀ ਖੇਰ ਵਰਗੇ ਕਈ ਕਲਾਕਾਰ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ

### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing

GF1
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com

1085 Bellamy Rd (N) Unit #210 Scarbrough (Toronto)
647-929-7736
Web: www.gf1security.com

REVIVE EMS · CANADIAN RED CROSS Training Partner

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can (905)793-2202
Place Your Business Here
To Reach Wider Audience

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



## Matrimonial

ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## UPPAL LAW

**IMMIGRATION SERVICES**
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

AVTAR UPPAL Manager

**OTHER PRACTICES**
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
Independently Owned and Operated
Off: 905-456-3232

Other Realtors only Promise
But JAG AUJLA SOLD YOUR HOME WITH

Call For a Quick & Free Home Evaluation
www.BramptonQuickHomeEvaluation.com
Top 1% Broker

Urgently Need New Listing In Brampton/ GTA Call Jag Today To Sell Your Property For Top $$$ & Accurate Price

BRAMPTON
ਹਰੰਟਾਰੀਓ (ਹਾਈਵੇ 10) / ਮੇਅਫੀਲਡ
ਬਹੁਤ ਹੀ ਸੋਹਣਾ ਅਤੇ ਸ਼ਾਨਦਾਰ ਡੀਟੈਚਡ ਘਰ ਜਿਸ ਵਿਚ 4 ਬੈਡਰਮ ਅਤੇ 5 ਵਾਸ਼ਰੂਮ ਹਨ ਅਤੇ 2 ਕਾਰ ਗਰਾਜ ਹਨ। ਫਿਨੀਸ਼ਡ ਬੇਸਮੈਂਟ ਹੈ ਅਤੇ ਇਨਗਰਾਉਂਡ ਸਵਿਮਿੰਗ ਪੂਲ ਵੀ ਹੈ। ਸਾਰੇ ਘਰ ਵਿਚ ਹਾਰਡਵੁਡ ਫਲੋਰ ਹੈ ਅਤੇ ਕਿਤੇ ਵੀ ਕਾਰਪਟ ਨਹੀਂ ਹੈ। ਹਾਈ ਐਂਡ ਕਿਚਨ ਕੈਬਨੇਟ ਅਤੇ ਗਰੇਨਾਈਟ ਕਾਊਨਟਰ ਟਾਪ। ਮੇਨ ਫਲੋਰ ਲਾਂਡਰੀ ਹੈ। ਪੋਟ ਲਾਈਟਾਂ ਵੀ ਲਗੀਆਂ ਹਨ।

MISSISSAUGA
ਗਲੇਨ ਏਰੀਨ / ਡਨਵੀਨ ਡਰਾਈਵ
ਬਹੁਤ ਹੀ ਸ਼ਾਨਦਾਰ ਮੋਡਲ ਬੰਗਲੋ ਜਿਸ ਵਿਚ 3+1 ਬੈਡਰਮ ਅਤੇ ਫਿਨੀਸ਼ਡ ਵਾਕ ਆਊਟ ਬੇਸਮੈਂਟ ਹੈ ਜੋ ਕਿ ਵੱਡੇ ਬੈਕ ਯਾਰਡ ਨੂੰ ਜਾਂਦਾ ਹੈ ਜਿਸ ਵਿੱਚ ਵੁਡਨ ਡੇਕ ਅਤੇ ਸ਼ੈਡ ਹੈ। ਸਾਰਾ ਘਰ ਰੇਨੋਵੇਟ ਅਤੇ ਸਾਰੇ ਘਰ ਵਿਚ ਹਾਰਡਵੁਡ ਅਤੇ ਲੈਮੀਨੇਟ ਫਲੋਰ ਹੈ, ਮਾਸਟਰ ਬੈਡਰੂਮ ਸੇਮੀ ਈਨਸੂਟ ਹੈ, ਅਪਗ੍ਰੇਡੇਡ ਕਿਚਨ ਅਪਲਾਈਨਸੇਸ।

BRAMPTON
ਫਾਦਰ ਟੋਬੀਨ / ਬਰੈਮਲੀਅ ਰੋਡ
ਰੇਵੀਨ ਨੂੰ ਘਰ ਦਾ ਫਰੰਟ। ਬਹੁਤ ਹੀ ਸ਼ਾਨਦਾਰ 4+1 ਬੈਡਰਮ ਅਤੇ 5 ਵਾਸ਼ਰੂਮ ਦਾ ਘਰ। ਪ੍ਰੋਫੈਸ਼ਨਲੀ ਫਿਨੀਸ਼ਡ ਬੇਸਮੈਂਟ। ਡਬਲ ਡੋਰ ਐਂਟਰੀ, ਮੇਨ ਫਲੋਰ 9 ਫੁੱਟ ਸਿਲਿੰਗ, ਸਟੇਨਡ ਹਾਰਡਵੁਡ ਫਲੋਰ ਅਤੇ ਸਟੇਨਡ ਓਕ ਸਟੇਅਰਕੇਸ, ਮਾਸਟਰ ਬੈਡਰੂਮ 5 ਪੀਸ ਈਨਸੂਟ, ਹਾਈਲੀ ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ ਅਤੇ ਸੈਂਟਰ ਆਈਲੈਂਡ।

BRAMPTON
ਬ੍ਰਿਸਡੇਲ / ਕ੍ਰੇਡੀਟਵਿਊ
SOLD $33000 OVER ASKING PRICE IN 2 DAYS

BRAMPTON
ਮੇਵੀਸ / ਸਟੀਲ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ ਜਿਸ ਵਿਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ, ਸਾਰੇ ਘਰ ਵਿਚ ਨਵਾਂ ਪੇਂਟ ਕੀਤਾ ਹੈ। ਬੇਸਮੈਂਟ ਬਣਨ ਵਾਲੀ ਹੈ। ਮੇਨ ਫਲੋਰ 9 ਫੁੱਟ ਸਿਲਿੰਗ। ਸਾਰੇ ਘਰ ਵਿਚ ਹਾਰਡਵੁਡ ਅਤੇ ਲੈਮੀਨੇਟ ਫਲੋਰ। ਮਾਸਟਰ ਬੈਡਰੂਮ 5 ਪੀਸ ਈਨਸੂਟ ਅਤੇ ਵਾਕ ਈਨ ਕਲੋਜ਼ਟ, ਨਵੀਂਆ ਅਪਲਾਈਨਸੇਸ। ਬਹੁਤ ਜਲਦੀ ਵਿਕਣ ਵਾਲਾ ਘਰ ਹੈ।

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com
Unbeatable Prices with Excellent Customer Service
SERVING ONTARIO FROM
TORONTO
44 FASKEN DR, # 2 - 9 ETOBICOKE, ON M9W 5M8 (416)-792-0877, (416)-551-3343
STONEY CREEK
#6 – 410 LEWIS ROAD STONEY CREEK, ON L8E 5Y7 (905) 643-0818
LONDON
#4 -1540 FANSHAWE PARK RD. W, LONDON, ON N6H 5L8 (519)-641-1010
BRAMPTON
1-241 CLARENCE ST. BRAMPTON, ON L6W 3E7 (416)-551-3343
AUTHORISED DEALER OF ALL NAME BRANDS
JENN-AIR Whirlpool MAYTAG Electrolux SAMSUNG LG KitchenAid GE FRIGIDAIRE
BRAND NEW & OPEN BOX APPLIANCES

Carte WEALTH MANAGEMENT INC.
KANG TAX & FINANCIAL SERVICES
Personal and Corporate Tax Filings**
RDSP, RESP, RRSP, TFSA Plans*
Life, Critical, Disability, Visitor Insurance***
FREE Tax Filing For New Immigrants
416-271-4877
e-mail:sukhwinder.kang@cartewm.com
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizons and Axcel Insurance.

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at: safety@interstatefreightsystems.com
Call: 416-452-0677

Do you have the BEST type of Mortgage Insurance?

| | Mortgage Insurance from THE BANK | Life Insurance from an Insurance Company |
|---|---|---|
| Beneficiary | The Bank | Your Family ✓ |
| Payout | Decreasing | Fixed ✓ |
| Portable | NO | YES ✓ |
| Underwriting | Post - Claim Underwriting | Time of Application ✓ |

Know the Difference Be Informed.

ALL INSURABLE

| | | |
|---|---|---|
| Alcoholism | Cancer | Chronic Kidney Disease |
| COPD | Declined Life Insurance | Diabetes |
| Drug Addiction | DUI | Epilepsy |
| Hazardous Sports | Heart Attack | Hepatitis A,B,C |
| Mental Illness | Multiple Sclerosis | Parkinson's Disease |
| Stroke | TIA | Valid Work Permit |

Life Insurance Coverage up to $500,000
No Medical Test Needed
Pedro Nazare - pnazare51@hotmail.com - (647) 282-1364
Devinder Pal Singh - devgta@gmail.com - (647) 785-1575